## ਅਧਿਆਇ 14

# ਅਬਰਾਹਾਮ ਦਾ ਯੁੱਧ ਲੜਣਾ ਅਤੇ ਦੋ ਰਾਜਿਆਂ ਨੂੰ ਮਿਲਣਾ

ਲੂਤ ਦੁਆਰਾ ਯਰਦਨ ਘਾਟੀ ਦੀ ਚੋਣ ਕਰਨਾ ਅਤੇ ਆਪਣਾ ਤੰਬੂ ਸਦੂਮ ਦੇ ਨੇੜੇ ਖੜ੍ਹਾ ਕਰਨਾ ਕਈ ਪੱਖਾਂ ਤੋਂ ਵਿਨਾਸਕਾਰੀ ਸੀ। ਇਸ ਦੇ ਕਾਰਣ ਉਸ ਦਾ ਪਰਿਵਾਰ ਬਹੁਤ ਜ਼ਿਆਦਾ ਦੁਸ਼ਟ ਮਾਹੌਲ ਵਿੱਚ ਆ ਗਿਆ ਜਿਸ ਨੇ ਉਨ੍ਹਾਂ ਨੂੰ ਨੈਤਿਕ ਤੌਰ ’ਤੇ ਖਤਰੇ ਵਿੱਚ ਪਾ ਦਿੱਤਾ (ਵੇਖੋ 19:1-8)। ਇਸ ਦੇ ਕਾਰਣ ਇੱਕਮਾਤਰ ਸੱਚੇ ਪਰਮੇਸ਼ੁਰ ਵਿੱਚ ਉਨ੍ਹਾਂ ਦੀ ਨਿਹਚਾ ਘਟਣ ਲੱਗੀ, ਜੋ ਮਨੁੱਖਾਂ ਨੂੰ ਉਨ੍ਹਾਂ ਦੀ ਦੁਸ਼ਟਤਾ ਦੇ ਲਈ ਜ਼ਿੰਮੇਵਾਰ ਠਹਿਰਾਉਂਦਾ ਹੈ ਅਤੇ ਉਨ੍ਹਾਂ ਦਾ ਨਿਆਉਂ ਕਰਦਾ ਹੈ ਜੋ ਅਜਿਹੇ ਬੁਰੇ ਕੰਮਾਂ ਤੋਂ ਤੋਬਾ ਨਹੀਂ ਕਰਦੇ (ਵੇਖੋ 19:12-22)। ਇਸ ਦਾ ਉਨ੍ਹਾਂ ਦੇ ਜੀਵਨਾਂ ਉੱਤੇ ਵੀ ਬੜਾ ਗੰਭੀਰ ਪ੍ਰਭਾਵ ਪਿਆ ਕਿਉਂਕਿ ਸਦੂਮ ਵਰਗੇ ਇਲਾਕੇ ਵਿੱਚ ਵੱਸਣ ਦੇ ਕਾਰਣ ਉਹ ਪੂਰਬ ਦੇ ਚਾਰ ਰਾਜਿਆਂ ਵੱਲੋਂ ਕੀਤੇ ਗਏ ਹਮਲੇ ਵਿੱਚ ਫਸ ਗਏ। ਇਹ ਚਾਰ ਰਾਜੇ ਆਪਣੀਆਂ ਫੌਜਾਂ ਸਣੇ ਖਾਰੇ ਸਾਗਰ ਦੇ ਇਲਾਕੇ ਵਿਚਲੇ ਪੰਜ ਰਾਜਿਆਂ ਉੱਤੇ ਹਮਲਾ ਕਰਨ ਆਏ ਸਨ ਕਿਉਂਕਿ ਉਨ੍ਹਾਂ ਨੇ ਇਨ੍ਹਾਂ ਨੂੰ ਜਜ਼ੀਆ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਜਿੱਥੇ ਇੱਕ ਪਾਸੇ ਕਨਾਨ ਦੀ ਦੱਖਣ-ਪੂਰਬੀ ਸਰਹੱਦ ਦੇ ਇਲਾਕੇ ਵਿਚਲੇ ਇਹ ਪੰਜ ਰਾਜੇ ਛੋਟੀਆਂ-ਛੋਟੀਆਂ ਰਿਆਸਤਾਂ ਦੇ ਮਾਲਕ ਸਨ, ਉੱਥੇ ਹੀ ਪੂਰਬ ਤੋਂ ਆਏ ਇਹ ਚਾਰ ਰਾਜੇ ਪਰਤੱਖ ਤੌਰ ’ਤੇ ਸ਼ਕਤੀਸ਼ਾਲੀ ਸਨ। ਉਹ ਵਿਸ਼ਾਲ ਭੁਗੋਲਿਕ ਇਲਾਕਿਆਂ ਉੱਤੇ ਸ਼ਾਸਨ ਕਰਦੇ ਸਨ, ਜਿਨ੍ਹਾਂ ਵਿੱਚ ਉਹ ਅਣਗਿਣਤ ਨਗਰ ਵੀ ਸਨ ਜਿਹੜੇ ਉਨ੍ਹਾਂ ਦੇ ਰਾਜ ਵਿੱਚ ਸ਼ਾਮਲ ਕਰ ਲਏ ਗਏ ਸਨ ਅਤੇ ਉਹ ਨਗਰ ਵੀ ਜਿਨ੍ਹਾਂ ਨੂੰ ਆਪਣੀ ਅਜ਼ਾਦੀ ਕਾਇਮ ਰੱਖਣ ਲਈ ਜਜ਼ੀਆ ਦੇਣ ਲਈ ਮਜਬੂਰ ਕੀਤਾ ਜਾਂਦਾ ਸੀ।

## ਰਾਜਿਆਂ ਦਾ ਯੁੱਧ (14:1–12)

**1ਐਉਂ ਹੋਇਆ ਕਿ ਸਿਨਾਰ ਦੇ ਰਾਜਾ ਅਮਰਾਫਲ ਅਰ ਅੱਲਾਸਾਰ ਦੇ ਰਾਜਾ ਅਰਯੋਕ ਅਰ**
**ਏਲਾਮ ਦੇ ਰਾਜਾ ਕਦਾਰਲਾਓਮਰ ਅਰ ਗੋਈਮ ਦੇ ਰਾਜਾ ਤਿਦਾਲ ਦੇ ਦਿਨਾਂ ਵਿੱਚ। 2ਇਨ੍ਹਾਂ ਨੇ**
**ਸਦੂਮ ਦੇ ਰਾਜਾ ਬਰਾ ਅਰ ਅਮੂਰਾਹ ਦੇ ਰਾਜਾ ਬਿਰਸਾ ਅਰ ਅਦਮਾਹ ਦੇ ਰਾਜਾ ਸਿਨਾਬ ਅਰ**
**ਸਬੋਈਮ ਦੇ ਰਾਜਾ ਸਮੇਬਰ ਅਰ ਬਲਾ ਅਰਥਾਤ ਸੋਆਰ ਦੇ ਰਾਜਾ ਨਾਲ ਜੁੱਧ ਕੀਤਾ। 3ਏਹ**
**ਸਭ ਸਿੱਦੀਮ ਦੀ ਦੂਣ ਵਿੱਚ ਜੋ ਖਾਰਾ ਸਮੁੰਦਰ ਹੈ ਇਕੱਠੇ ਹੋਏ। 4ਬਾਰਾਂ ਵਰਹੇ ਓਹ**
**ਕਦਾਰਲਾਓਮਰ ਦੇ ਤਾਬਿਆ ਰਹੇ ਪਰ ਤੇਰ੍ਹਵੇਂ ਵਰਹੇ ਓਹ ਆਕੀ ਹੋ ਗਏ। 5ਅਤੇ ਚੌਧਵੇਂ ਵਰਹੇ**
**ਕਦਾਰਲਾਓਮਰ ਅਰ ਓਹ ਰਾਜੇ ਜੋ ਉਹ ਦੇ ਨਾਲ ਸਨ ਆਏ ਅਤੇ ਉਨ੍ਹਾਂ ਨੇ ਰਫਾਈਆਂ ਨੂੰ**
**ਅਸਤਰੋਥ ਕਰਨਇਮ ਵਿੱਚ ਅਰ ਜ਼ੂਜ਼ੀਆਂ ਨੂੰ ਹਾਮ ਵਿੱਚ ਅਰ ਏਮੀਆਂ ਨੂੰ ਸਾਵੇਹ**

**ਕਿਰਯਾਤਇਮ ਵਿੱਚ। [6]ਅਰ ਹੋਰੀਆਂ ਨੂੰ ਉਨ੍ਹਾਂ ਦੇ ਪਹਾੜ ਸੇਈਰ ਵਿੱਚ ਏਲ-ਪਾਰਾਨ ਤਾਈਂ ਜੋ ਉਜਾੜ ਕੋਲ ਹੈ ਮਾਰਿਆ। [7]ਅਤੇ ਓਹ ਮੁੜਕੇ ਏਨ ਮਿਸਪਾਟ ਅਰਥਾਤ ਕਾਦੇਸ ਨੂੰ ਆਏ ਅਤੇ ਅਮਾਲੇਕੀਆਂ ਦੇ ਸਾਰੇ ਮੁਲਕ ਨੂੰ ਅਰ ਅਮੋਰੀਆਂ ਨੂੰ ਵੀ ਜੋ ਹਸਿਸੋਨ ਤਾਮਰ ਵਿੱਚ ਵੱਸਦੇ ਸਨ ਮਾਰਿਆ। [8]ਅਤੇ ਸਦੂਮ ਦਾ ਰਾਜਾ ਅਰ ਅਮੂਰਾਹ ਦਾ ਰਾਜਾ ਅਰ ਅਦਮਾਹ ਦਾ ਰਾਜਾ ਅਰ ਸਬੋਈਮ ਦਾ ਰਾਜਾ ਅਰ ਬਲਾ ਅਰਥਾਤ ਸੋਆਰ ਦਾ ਰਾਜਾ ਨਿੱਕਲੇ ਅਤੇ ਉਨ੍ਹਾਂ ਨਾਲ ਸਿੱਦੀਮ ਦੀ ਦੂਣ ਵਿੱਚ ਲੜਨ ਲਈ ਪਾਲਾਂ ਬੰਨ੍ਹੀਆਂ। [9]ਅਰਥਾਤ ਕਦਾਰਲਾਓਮਰ ਏਲਾਮ ਦੇ ਰਾਜਾ ਅਰ ਤਿਦਾਲ ਗੋਈਮ ਦੇ ਰਾਜਾ ਅਰ ਅਮਰਾਫਲ ਸਿਨਾਰ ਦੇ ਰਾਜਾ ਅਰ ਅਰਯੋਕ ਅੱਲਾਸਾਰ ਦੇ ਰਾਜਾ ਨਾਲ ਸੋ ਚਾਰ ਰਾਜੇ ਪੰਜਾਂ ਨਾਲ। [10]ਸਿੱਦੀਮ ਦੀ ਦੂਣ ਵਿੱਚ ਚਿੱਕੜ ਦੇ ਟੋਏ ਹੀ ਟੋਏ ਸਨ ਅਤੇ ਸਦੂਮ ਅਰ ਅਮੂਰਾਹ ਦੇ ਰਾਜੇ ਭੱਜੇ ਅਤੇ ਉੱਥੇ ਹੀ ਡਿੱਗ ਪਏ ਅਤੇ ਜਿਹੜੇ ਬਚ ਰਹੇ ਸੋ ਪਹਾੜ ਨੂੰ ਭੱਜੇ। [11]ਤਾਂ ਓਹ ਸਦੂਮ ਅਰ ਅਮੂਰਾਹ ਦਾ ਸਾਰਾ ਮਾਲ ਧਨ ਅਰ ਉਨ੍ਹਾਂ ਦਾ ਸਾਰਾ ਅੰਨ ਦਾਣਾ ਲੁੱਟਕੇ ਤੁਰ ਗਏ। [12]ਓਹ ਲੂਤ ਅਬਰਾਮ ਦੇ ਭਤੀਜੇ ਨੂੰ ਵੀ ਜੋ ਸਦੂਮ ਵਿੱਚ ਵੱਸਦਾ ਸੀ ਅਰ ਉਸ ਦੇ ਮਾਲ ਧਨ ਨੂੰ ਵੀ ਲੁੱਟਕੇ ਤੁਰਦੇ ਹੋਏ।**

ਕੁਝ ਲੋਕ ਪੂਰਬ ਦੇ ਇਨ੍ਹਾਂ ਚਾਰ ਰਾਜਿਆਂ ਵੱਲੋਂ ਪੱਛਮ ਦੇ ਇਲਾਕੇ ਦੇ ਪੰਜ ਰਾਜਿਆਂ ਉੱਤੇ ਕੀਤੇ ਗਏ ਹਮਲੇ ਨੂੰ ਕਾਲਪਨਿਕ ਮੰਨਦੇ ਹਨ ਜਿਸ ਦਾ ਕੋਈ ਇਤਹਾਸਕ ਪਿਛੋਕੜ ਨਹੀਂ ਹੈ। ਪਰ ਫਿਰ ਵੀ ਇਸ ਘਟਨਾ ਨੂੰ ਅਸਲ ਇਤਹਾਸਕ ਘਟਨਾ ਮੰਨਣ ਦੇ ਕਈ ਕਾਰਣ ਮੌਜੂਦ ਹਨ। ਉਦਾਹਰਣ ਵਜੋਂ, ਲੇਖਕ ਨੇ ਜਿਸ ਤਰ੍ਹਾਂ ਨਾਲ ਇਸ ਵਾਰਤਾ ਨੂੰ ਬਿਆਨ ਕੀਤਾ ਹੈ, ਉਹ ਵੇਖ ਕੇ ਜਾਪਦਾ ਹੈ ਕਿ ਉਸ ਨੇ ਇਸ ਦਾ ਹਵਾਲਾ ਕਿਸੇ ਇਤਹਾਸਕ ਬਿਰਤਾਂਤ ਵਿੱਚੋਂ ਲਿਆ ਹੈ। ਉਸ ਨੇ ਅਜਿਹੇ ਪੁਰਾਤਨ ਨਾਮ ਲਿਖੇ ਹਨ ਜਿਹੜੇ ਉਸ ਦੁਆਰਾ ਇਸ ਸਮੱਗਰੀ ਨੂੰ ਲਿਖੇ ਜਾਣ ਵੇਲੇ ਪ੍ਰਚਲਣ ਵਿੱਚ ਨਹੀਂ ਸਨ ਅਤੇ ਉਸ ਨੇ ਇਨ੍ਹਾਂ ਨਾਮਾਂ ਜਾਂ ਕਥਨਾਂ ਦੇ ਅਰਥ ਵੀ ਸ਼ਾਮਲ ਕੀਤੇ ਤਾਂ ਜੋ ਬਾਅਦ ਵਿੱਚ ਪੜ੍ਹਣ ਵਾਲੇ ਪਾਠਕਾਂ ਨੂੰ ਇਹ ਸਮਝ ਆ ਸਕਣ (ਵੇਖੋ 14:2, 3, 7, 8, 17)।

**ਆਇਤ 1.** ਆਲੋਚਕਾਂ ਦੇ ਸਾਹਮਣੇ ਅਧਿਆਇ 14 ਦੇ ਨਾਲ ਸੰਬੰਧਤ ਇੱਕ ਸਮੱਸਿਆ ਇਹ ਹੈ ਕਿ ਬਾਹਰੀ ਸਰੋਤਾਂ ਤੋਂ ਇਨ੍ਹਾਂ ਪੂਰਬ ਦੇ ਚਾਰ ਰਾਜਿਆਂ ਦਾ ਕੋਈ ਪ੍ਰਮਾਣ ਨਹੀਂ ਮਿਲਦਾ ਜਿਨ੍ਹਾਂ ਨੇ ਪੱਛਮ ਦੇ ਪੰਜ ਰਾਜਿਆਂ ਦੇ ਵਿਰੁੱਧ ਗਠਬੰਧਨ ਕੀਤਾ ਸੀ। **ਏਲਾਮ ਦਾ ਰਾਜਾ ਕਦਾਰਲਾਓਮਰ** ਪੂਰਬ ਦੇ ਰਾਜਿਆਂ ਦੇ ਇਸ ਗਠਬੰਧਨ ਦਾ ਮੋਢੀ ਸੀ, ਜਿਸ ਦੇ ਪ੍ਰਤੀ ਪੱਛਮ ਦੇ ਰਾਜੇ "ਬਾਰਾਂ ਵਰ੍ਹੇ" ਤੱਕ "ਤਾਬਿਆ ਰਹੇ" ਸਨ (14:4)। ਕਦਾਰਲਾਓਮਰ ਨੂਹ ਦੇ ਪੁੱਤਰ ਸ਼ੇਮ ਦੇ ਕੁਲ ਵਿੱਚੋਂ ਸੀ, ਜਿਸ ਦੇ ਪਲੇਠੇ ਪੁੱਤਰ ਦਾ ਨਾਮ "ਏਲਾਮ" ਸੀ (10:22)। ਏਲਾਮੀ ਲੋਕ ਪੁਰਾਤਨ ਫਾਰਸ (ਆਧੁਨਿਕ ਇਰਾਨ ਦਾ ਦੱਖਣ-ਪੱਛਮੀ ਇਲਾਕਾ) ਵਿੱਚ ਵੱਸਦੇ ਸਨ, ਜਿਸ ਦੀ ਰਾਜਧਾਨੀ ਸ਼ੂਸ਼ਨ ਸੀ।

ਕਦਾਰਲਾਓਮਰ ਦੇ ਸਾਥੀ ਇਹ ਸਨ, (1) **ਸਿਨਾਰ ਦਾ ਰਾਜਾ ਅਮਰਾਫਲ** ("ਸਿਨਾਰ" ਬੇਬੀਲੋਨੀਆ ਦਾ ਪੁਰਾਤਨ ਨਾਮ ਸੀ), (2) **ਅੱਲਾਸਾਰ ਦਾ ਰਾਜਾ ਅਰਯੋਕ** ਅਤੇ (3) **ਗੋਈਮ ਦਾ ਰਾਜਾ ਤਿਦਾਲ**। ਇਨ੍ਹਾਂ ਵਿੱਚੋਂ ਕਿਸੇ ਵੀ ਰਾਜਾ ਦੀ ਪੁਰਾਤਨ ਮੱਧ ਪੂਰਬ ਦੇ ਕਿਸੇ ਵੀ ਰਾਜਾ ਵਜੋਂ ਪਛਾਣ ਨਹੀਂ ਕੀਤੀ ਜਾ ਸਕੀ ਹੈ ਅਤੇ "ਅੱਲਾਸਾਰ"[1] ਅਤੇ "ਗੋਈਮ" (ਜਿਨ੍ਹਾਂ ਦਾ ਅਰਥ "ਪਰਜਾ" ਜਾਂ "ਕੌਮਾਂ" ਹੈ) ਨਾਮਕ ਇਲਾਕੇ ਇਨ੍ਹਾਂ ਆਇਤਾਂ ਤੋਂ ਬਾਹਰ ਪੂਰੀ ਤਰ੍ਹਾਂ ਅਗਿਆਤ ਹਨ। ਪੂਰਬ ਦੀਆਂ ਛੋਟੀਆਂ ਰਿਆਸਤਾਂ ਦੀ ਇਤਹਾਸਕ ਜਾਣਕਾਰੀ ਸਾਡੇ ਕੋਲ ਸਿਰਫ ਕੁਝ ਅੰਸ਼ਾਂ ਵਿੱਚ ਹੀ ਮੌਜੂਦ ਹੈ, ਖਾਸ ਕਰਕੇ ਦੂਜੇ ਮਿਲੇਨਿਅਮ ਈਸਾ ਪੂਰਬ ਦੇ ਪਹਿਲੇ ਅੱਧੇ ਹਿੱਸੇ ਵਿੱਚੋਂ। ਇਸ ਕਰਕੇ ਇਨ੍ਹਾਂ ਛੋਟੀਆਂ ਰਿਆਸਤਾਂ ਦੇ ਸ਼ਾਸਕਾਂ ਬਾਰੇ ਪ੍ਰਮਾਣਾਂ ਦੀ ਗੈਰਮੌਜੂਦਗੀ ਨੂੰ

ਉਨ੍ਹਾਂ ਦੇ ਇਤਿਹਾਸ ਵਿੱਚੋਂ ਗੈਰਮੌਜੂਦਗੀ ਵਜੋਂ ਨਹੀਂ ਵੇਖਿਆ ਜਾਣਾ ਚਾਹੀਦਾ।

ਇਹ ਨਾਮ ਇਸ ਮੂਲਪਾਠ ਵਿੱਚ ਭਰੋਸਾ ਕਾਇਮ ਰੱਖਣ ਦਾ ਇੱਕ ਹੋਰ ਕਾਰਣ ਦਿੰਦੇ ਹਨ ਕਿਉਂਕਿ ਇਨ੍ਹਾਂ ਦੀ ਅਸਲੀਅਤ ਦੇ ਕੁਝ ਪ੍ਰਮਾਣ ਮੌਜੂਦ ਹਨ। ਇਹ ਨਾਮ ਪੂਰਬ ਦੇ ਲੋਕਾਂ ਦੇ ਉਨ੍ਹਾਂ ਨਾਮਾਂ ਨਾਲ ਮੇਲ ਖਾਂਦੇ ਹਨ ਜਿਹੜੇ ਅਬਰਾਹਾਮ ਦੇ ਸਮੇਂ ਇਸਤੇਮਾਲ ਕੀਤੇ ਜਾਂਦੇ ਸਨ। "ਕਦਾਰਲਾਓਮਰ" ਇੱਕ ਏਲਾਮੀ ਨਾਮ ਹੈ (*ਕੁਟੀਰ* ਅਤੇ ਇੱਕ ਦਿਉਤੇ ਦੇ ਨਾਮ ਨੂੰ ਮਿਲਾ ਕੇ ਬਣਾਇਆ ਗਿਆ ਨਾਮ)। ਇਹ ਨਾਮ ਉਸ ਨੂੰ "ਏਲਾਮ ਦਾ ਰਾਜਾ" ਆਖੇ ਜਾਣ ਲਈ ਢੁਕਵਾਂ ਹੈ। "ਅਮਰਾਫਲ" ਇੱਕ ਸੇਮਿਟਿਕ ਨਾਮ ਜਾਪਦਾ ਹੈ, ਜਿਹੜਾ "ਸਿਨਾਰ ਦੇ ਰਾਜਾ" (ਬੇਬੀਲੋਨੀਆ) ਦੇ ਰਾਜਾ ਦੇ ਲਈ ਪੂਰੀ ਤਰ੍ਹਾਂ ਢੁਕਵਾਂ ਹੈ। "ਅਰਯੋਕ" ਦਾ ਮੂਲ ਹੂਰੀ ਹੈ, ਜਿਸ ਦੇ ਨਾਲ ਮੇਲ ਖਾਂਦੇ ਨਾਮ ਪੁਰਾਤਨ ਮਾਰੀ (ਅਰਿਵੁਕ/ਅਰਿਯੁਕ) ਅਤੇ ਨੂਜ਼ੀ (ਅਰਿਉਕੀ) ਵਿੱਚ ਵੇਖੇ ਜਾ ਸਕਦੇ ਸਨ। "ਤਿਦਾਲ" ਇੱਕ ਪੁਰਾਤਨ ਹਿੱਤੀ ਨਾਮ ਸੀ (*ਤੁਦਖਾਲੀਆ*) ਜਿਹੜਾ ਕਈ ਰਾਜਿਆਂ ਦਾ ਨਾਮ ਸੀ। ਤਿਦਾਲ ਨੂੰ "ਕੌਮਾਂ ਦਾ ਰਾਜਾ" ਆਖਿਆ ਗਿਆ ਹੈ, ਜਿਹੜਾ ਉਸ ਸਿਰਲੇਖ ਨਾਲ ਮੇਲ ਖਾਂਦਾ ਹੈ ਜਿਸ ਦੀ ਵਰਤੋਂ ਐਨਾਟੋਲਿਯਾ ਦੇ ਉਚੇਰੇ ਪ੍ਰਧਾਨਾਂ ਵੱਲੋਂ ਇਸਤੇਮਾਲ ਕੀਤੇ ਜਾਂਦੇ ਸਨ।[2] ਅਜਿਹੀ ਸੰਭਾਵਨਾ ਬਿਲਕੁਲ ਵੀ ਨਹੀਂ ਜਾਪਦੀ ਕਿ 1,000 ਜਾਂ 1,500 ਵਰ੍ਹੇ ਬਾਅਦ ਹੋਏ ਕਿਸੇ ਇਸਰਾਏਲੀ ਨੇ ਅਸਲ ਸੁਣਾਈ ਦੇਣ ਵਾਲੇ ਨਾਮਾਂ ਦੇ ਨਾਲ ਕਾਲਪਨਿਕ ਪਾਤਰ ਤਿਆਰ ਕੀਤੇ ਹੋਣ ਜਿਹੜੇ ਇਸ ਅਰੰਭਕ ਸਮੇਂ ਦੇ ਸਭਿਆਚਾਰ ਵਿੱਚ ਪੂਰੀ ਤਰ੍ਹਾਂ ਢੁਕਵੇਂ ਬੈਠਦੇ ਹਨ, ਫਿਰ ਭਾਵੇਂ ਅਜਿਹਾ ਕਰਨ ਦਾ ਉਨ੍ਹਾਂ ਦਾ ਝੁਕਾਉ ਹੀ ਕਿਉਂ ਨਾ ਰਿਹਾ ਹੋਵੇ।

**ਆਇਤ 2.** ਅੱਗੇ ਉਨ੍ਹਾਂ ਰਾਜਿਆਂ ਦੇ ਨਾਮ ਲਿਖੇ ਗਏ ਹਨ ਜਿਨ੍ਹਾਂ ਦੇ ਵਿਰੁੱਧ ਇਸ ਪੂਰਬੀ ਗਠਬੰਧਨ ਨੇ **ਜੁੱਧ ਕੀਤਾ** ਸੀ, ਪਰ ਉਸ ਵਿੱਚ ਆਖਰੀ ਰਾਜਾ ਦਾ ਨਾਮ ਨਹੀਂ ਦਿੱਤਾ ਗਿਆ ਹੈ: **ਸਦੂਮ ਦਾ ਰਾਜਾ ਬਰਾ ਅਰ ਅਮੂਰਾਹ ਦਾ ਰਾਜਾ ਬਿਰਸਾ ਅਰ ਅਦਮਾਹ ਦਾ ਰਾਜਾ ਸਿਨਾਬ ਅਰ ਸਬੋਈਮ ਦਾ ਰਾਜਾ ਸਮੇਬਰ ਅਰ ਬਲਾ ਅਰਥਾਤ ਸੋਆਰ ਦੇ ਰਾਜਾ।** ਇਹ ਆਖਣਾ ਔਖਾ ਹੈ ਕਿ ਬਲਾ ਦੇ ਰਾਜਾ ਦਾ ਨਾਮ ਕਿਉਂ ਨਹੀਂ ਲਿਖਿਆ ਗਿਆ ਹੈ। ਮੂਲਪਾਠ ਦੀ ਅਸਲੀਅਤ ਬਾਰੇ ਸ਼ਰਮਿੰਦਗੀ ਖੜੀ ਕਰਨ ਦੀ ਬਜਾਇ ਇਸ ਰਾਜੇ ਦਾ ਨਾਮ ਹਟਾਏ ਜਾਣ ਨਾਲ ਇਨ੍ਹਾਂ ਰਾਜਿਆਂ ਦੀ ਸੂਚੀ ਦੀ ਸਾਖ ਵਧ ਗਈ ਹੈ। ਜੇਕਰ ਇਸ ਸਮੱਗਰੀ ਦਾ ਲੇਖਕ ਕਿਸੇ ਕਾਲਪਨਿਕ ਘਟਨਾ ਦਾ ਹਵਾਲਾ ਦੇਣ ਲਈ ਮਨਘੜਤ ਨਾਮ ਲਿਖ ਰਿਹਾ ਸੀ ਤਾਂ ਉਸ ਨੇ ਇੱਥੇ ਵੀ ਇੱਕ ਨਾਮ ਲਿਖਿਆ ਹੋਣਾ ਸੀ। ਇਸ ਦੇ ਉਲਟ ਉਸ ਵੱਲੋਂ ਇੱਥੇ ਇੱਕ ਨਾਮ ਨਾ ਲਿਖਿਆ ਜਾਣਾ ਇਹ ਸੁਝਾਉ ਦਿੰਦਾ ਹੈ ਕਿ ਉਹ ਇਸ ਵਾਰਤਾ ਦੀ ਸਟੀਕਤਾ ਦਾ ਸਤਿਕਾਰ ਕਰਦਾ ਸੀ ਅਤੇ ਇਸ ਨੂੰ ਪੂਰੀ ਵਫਾਦਾਰੀ ਨਾਲ ਸੁਰੱਖਿਅਤ ਰੱਖਣਾ ਚਾਹੁੰਦਾ ਸੀ ਅਤੇ ਇਸ ਵਿੱਚ ਕੋਈ ਬਦਲਾਉ ਕੀਤੇ ਬਿਨਾ ਅੱਗੇ ਘੱਲਣਾ ਚਾਹੁੰਦਾ ਸੀ, ਫਿਰ ਭਾਵੇਂ ਇਸ ਵਿੱਚ ਇੱਕ ਨਾਮ ਲਿਖਿਆ ਹੋਇਆ ਨਹੀਂ ਸੀ। ਬਾਈਬਲ ਵਿੱਚ ਲਿਖੇ ਇਹ ਨਾਮ ਅਤੇ ਘਟਨਾਵਾਂ ਉਸ ਇਲਾਕੇ ਦੇ ਲਈ ਪੂਰੀ ਤਰ੍ਹਾਂ ਢੁਕਵੇਂ ਹਨ ਜਿੱਥੇ ਉਨ੍ਹਾਂ ਨੇ ਸ਼ਾਸਨ ਕੀਤਾ ਸੀ।

**ਆਇਤ 3.** ਆਖਿਰਕਾਰ ਪੂਰਬ ਦੇ ਚਾਰ ਰਾਜਿਆਂ ਨੇ ਪੱਛਮ ਦੇ ਪੰਜ ਰਾਜਿਆਂ ਉੱਤੇ ਚੜ੍ਹਾਈ ਕੀਤੀ, ਜੋ ਉਸ ਇਲਾਕੇ ਵਿੱਚ ਵੱਸਦੇ ਸਨ ਜਿਸ ਨੂੰ ਆਮ ਤੌਰ 'ਤੇ **ਸਿੱਦੀਮ ਦੀ ਦੂਣ** ਆਖਿਆ ਜਾਂਦਾ ਹੈ **ਜੋ ਖਾਰਾ ਸਮੁੰਦਰ ਹੈ**। ਜਦਕਿ ਪੱਛਮ ਦੇ ਇਨ੍ਹਾਂ ਪੰਜ ਨਗਰਾਂ (14:2) ਅਤੇ "ਸਿੱਦੀਮ ਦੀ ਦੂਣ" ਦਾ ਨਿਸ਼ਚਿਤ ਤੌਰ 'ਤੇ ਪਛਾਣ ਨਹੀਂ ਕੀਤੀ ਜਾ ਸਕਦੀ, ਤਾਂ ਵੀ ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਇਹ ਮ੍ਰਿਤ (ਖਾਰੇ) ਸਮੁੰਦਰ ਦੇ ਦੱਖਣੀ ਸਿਰੇ 'ਤੇ ਸਥਿਤ ਸਨ[3] (14:8-10 ਦੀਆਂ ਟਿੱਪਣੀਆਂ ਵੇਖੋ)।

**ਆਇਤ 4.** ਲੇਖਕ ਨੇ ਲਿਖਿਆ ਕਿ ਪੱਛਮ ਦੇ ਪੰਜ ਰਾਜੇ ਵਫਾਦਾਰੀ ਨਾਲ **ਬਾਰਾਂ ਵਰਹੇ**

ਤੱਕ **ਕਦਾਰਲਾਓਮਰ ਦੇ ਤਾਬਿਆ ਰਹੇ** ਸਨ; ਪਰ **ਤੇਰ੍ਹਵੇਂ ਵਰਹੇ** ਦੇ ਅਰੰਭ ਹੁੰਦਿਆਂ ਹੀ **ਓਹ ਆਕੀ ਹੋ ਗਏ**। ਇਸ ਦਾ ਅਰਥ ਇਹ ਹੈ ਕਿ ਉਨ੍ਹਾਂ ਨੇ ਆਪਣੇ ਹੁਕਮਰਾਨਾਂ ਨੂੰ ਸਲਾਨਾ ਜਜ਼ੀਆ ਘੱਲਣ ਤੋਂ ਇਨਕਾਰ ਕਰ ਦਿੱਤਾ ਸੀ (ਵੇਖੋ 2 ਰਾਜਿਆਂ 18:7, 13-16)।

**ਆਇਤਾਂ 5–7. ਚੌਧਵੇਂ ਵਰਹੇ** ਦੇ ਅਰੰਭ ਹੋਣ ’ਤੇ **ਕਦਾਰਲਾਓਮਰ** ਅਤੇ ਉਸ ਦੀ ਗਠਬੰਧਨ ਸੈਨਾ ਨੇ ਪੱਛਮ ਉੱਤੇ ਹਮਲਾ ਕਰ ਦਿੱਤਾ। ਏਲਾਮੀ ਰਾਜਾ ਨੇ ਆਪਣੇ ਅਧੀਨ ਕੀਤੇ ਹੋਏ ਛੋਟੇ ਰਾਜਿਆਂ ਉੱਤੇ ਹਮਲਾ ਕਰਨ ਲਈ “ਚੌਧਵੇਂ ਵਰਹੇ” ਤੱਕ ਉਡੀਕ ਕਿਉਂ ਕੀਤੀ? ਸੰਭਵ ਹੈ ਕਿ ਉਹ ਪੱਛਮੀ ਰਾਜਿਆਂ ਨੂੰ ਉਨ੍ਹਾਂ ਦੇ ਕਾਰੇ ਦੇ ਗੰਭੀਰ ਨਤੀਜਿਆਂ ਬਾਰੇ ਸੋਚਣ ਦਾ ਇੱਕ ਹੋਰ ਮੌਕਾ ਦੇਣਾ ਚਾਹੁੰਦਾ ਸੀ। ਇਸ ਤੋਂ ਵਧੇਰੇ ਸੰਭਾਵਨਾ ਇਹ ਜਾਪਦੀ ਹੈ ਕਿ ਗਠਬੰਧਨ ਦੇ ਪਰਧਾਨ ਨੂੰ ਆਪਣੇ ਸਾਥੀਆਂ ਨੂੰ ਇਸ ਲੰਮੀ ਅਤੇ ਖਰਚੀਲੀ ਯਾਤਰਾ ’ਤੇ ਜਾਣ ਅਤੇ ਕਾਫੀ ਗਿਣਤੀ ਵਿੱਚ ਫੌਜ ਲਿਜਾਣ ਲਈ ਰਾਜ਼ੀ ਕਰਨ ਵਿੱਚ ਸਮਾਂ ਲੱਗਾ ਹੋਵੇਗਾ ਤਾਂ ਜੋ ਪੱਛਮੀ ਰਿਆਸਤਾਂ ਨੂੰ ਫਤਿਹ ਕੀਤਾ ਜਾ ਸਕੇ।

ਪੂਰਬੀ ਗਠਬੰਧਨ ਨੇ ਪਹਿਲਾਂ ਯਰਦਨ ਦੇ ਪੂਰਬ ਵਿਚਲੇ ਕੇਂਦਰੀ ਪਹਾੜੀ ਇਲਾਕੇ ਉੱਤੇ ਹਮਲਾ ਕੀਤਾ, ਫਿਰ ਉੱਤਰ ਤੋਂ ਦੱਖਣ ਵੱਲ ਨੂੰ “ਪਾਤਸ਼ਾਹੀ ਸੜਕ” ਉੱਤੇ ਅਗਾਂਹ ਵਧਦੇ ਗਏ (ਵੇਖੋ ਗਿਣਤੀ 20:17; 21:22)। ਬਿਵਸਥਾ ਸਾਰ ਦੇ ਅਰੰਭਕ ਅਧਿਆਇਆਂ ਦੇ ਅਨੁਸਾਰ ਬਾਅਦ ਵਿੱਚ ਇਸਰਾਏਲ ਨੇ ਵੀ ਇਸੇ ਰਾਹ ਦੀ ਵਰਤੋਂ ਕਰਦਿਆਂ ਉਲਟੀ ਦਿਸ਼ਾ ਵਿੱਚ – ਦੱਖਣ ਤੋਂ ਉੱਤਰ ਵੱਲ ਨੂੰ – ਯਾਤਰਾ ਕੀਤੀ ਸੀ, ਇਸ ਤੋਂ ਪਹਿਲਾਂ ਕਿ ਉਹ ਯਰਦਨ ਨਦੀ ਪਾਰ ਕਰਕੇ ਉਲਟੀ ਦਿਸ਼ਾ ਤੋਂ ਕਨਾਨ ਉੱਤੇ ਹਮਲਾ ਕਰਦੇ। 14:5-7 ਵਿੱਚ ਕੁਝ ਥਾਂਵਾਂ ਦੇ ਨਾਮ ਦਿੱਤੇ ਗਏ ਹਨ ਜਿਨ੍ਹਾਂ ਉੱਤੇ ਪੂਰਬੀ ਰਾਜਿਆਂ ਨੇ ਯੁੱਧ ਦੇ ਅਰੰਭ ਵਿੱਚ ਹਮਲੇ ਕੀਤੇ ਸਨ।

**ਰਫਾਈਆਂ ਨੂੰ ਅਸਤਰੋਥ ਕਰਨਇਮ ਵਿੱਚ**: ਅਸਤਰੋਥ (ਕਰਨਇਮ ਦੇ ਨੇੜੇ) ਬਾਸ਼ਾਨ ਵਿੱਚ ਸਥਿਤ ਇੱਕ ਨਗਰ ਸੀ, ਜੋ ਗਲੀਲ ਦੀ ਝੀਲ ਦੇ ਪੂਰਬ ਵਿੱਚ ਸੀ। (ਅੱਜ ਇਸ ਨੂੰ ਟੇੱਲ ਅਸ਼ਤਾਰਾਹ ਨਾਮ ਨਾਲ ਜਾਣਿਆ ਜਾਂਦਾ ਹੈ, ਜੋ ਦੱਖਣੀ ਸੀਰਿਯਾ ਦੀ ਸਰਹੱਦ ਦੇ ਅੰਦਰਲਾ ਇਲਾਕਾ ਹੈ।) ਅਬਰਾਹਾਮ ਦੇ ਸਮੇਂ ਤੋਂ ਬਾਅਦ ਰਫਾਈ ਲੋਕ ਇੱਕ ਤਕੜਾ ਕਬੀਲਾ ਬਣ ਗਏ ਸਨ, ਜਿਨ੍ਹਾਂ ਨੂੰ ਹਰਾਉਣ ਤੋਂ ਬਾਅਦ ਹੀ ਇਸਰਾਏਲੀ ਕਨਾਨ ਦੇਸ ਉੱਤੇ ਕਬਜ਼ਾ ਕਰ ਸਕੇ ਸਨ। ਉਨ੍ਹਾਂ ਦੀ ਸਭ ਤੋਂ ਵਧੇਰੇ ਅਬਾਦੀ ਬਾਸ਼ਾਨ ਵਿੱਚ ਸੀ। ਪਵਿੱਤਰ ਸ਼ਾਸਤਰ ਆਖਦਾ ਹੈ ਕਿ ਉਨ੍ਹਾਂ ਵਿੱਚੋਂ ਕੁਝ ਦੀ ਕਦ-ਕਾਠੀ ਬਹੁਤ ਉੱਚੀ ਸੀ (ਬਿਵਸਥਾ ਸਾਰ 2:10, 11, 20, 21)। ਉਨ੍ਹਾਂ ਦੇ ਆਖਰੀ ਰਾਜਾ ਦਾ ਨਾਮ ਓਗ ਸੀ, ਜਿਸ ਦੇ ਪਲੰਘ ਦੀ ਲੰਬਾਈ ਨੌਂ ਹੱਥ (ਤੇਰਾਂ ਫੁੱਟ ਤੋਂ ਵਧ) ਸੀ (ਬਿਵਸਥਾ ਸਾਰ 1:4; 3:10, 11)।

**ਜ਼ੂਜ਼ੀਆਂ ਨੂੰ ਹਾਮ ਵਿੱਚ**: ਇਨ੍ਹਾਂ ਬਾਰੇ ਬਾਈਬਲ ਵਿੱਚ ਸਿਰਫ ਇੱਥੇ ਹੀ ਲਿਖਿਆ ਹੈ। ਕੁਝ ਲੋਕ ਇਨ੍ਹਾਂ ਨੂੰ ਬਿਵਸਥਾ ਸਾਰ 2:20 ਵਿਚਲੇ ਜ਼ਮ ਜ਼ੁੰਮੀ ਆਖਦੇ ਹਨ। ਅਜਿਹਾ ਮ੍ਰਿਤ ਸਾਗਰ ਨੇੜਿਓਂ ਮਿਲੇ ਚਰਮ ਪੱਤਰਾਂ ਦੇ ਅਧਾਰ ’ਤੇ ਆਖਿਆ ਜਾਂਦਾ ਹੈ, ਜੋ ਇਨ੍ਹਾਂ ਬਾਰੇ ਇਹ ਆਖਦਾ ਹੈ ਕਿ ਉਹ “ਜ਼ੁਮਜ਼ਾਮੀਮ ਸਨ ਜੋ ਅੰਮੋਨ ਵਿੱਚ ਰਹਿੰਦੇ ਸਨ।”[4] ਪਰ ਹਾਮ ਇੱਕ ਸਥਾਨ ਦਾ ਨਾਮ ਸੀ ਜੋ ਗਿਲਆਦ ਵਿੱਚ ਬਾਸ਼ਾਨ ਅਤੇ ਮੋਆਬ ਦੇ ਵਿਚਾਲੇ ਸੀ। ਕੁਝ ਲੋਕ ਇਸ ਨੂੰ ਟੇੱਲ ਹਾਮ ਆਖਦੇ ਹਨ ਜਿਹੜਾ ਯਰਦਨ ਦੇ ਇਰਬਿਦ ਦੇ ਦੱਖਣ-ਪੱਛਮ ਵਿੱਚ ਕੁਝ ਕੁ ਮੀਲ ਦੀ ਦੂਰੀ ’ਤੇ ਪੁਰਾਤਨ “ਪਾਤਸ਼ਾਹੀ ਸੜਕ” ਦੇ ਨੇੜੇ ਸਥਿਤ ਹੈ।

**ਏਮੀਆਂ ਨੂੰ ਸਾਵੇਹ ਕਿਰਯਾਤਇਮ**: “ਸਾਵੇਹ” ਨਾਮ (שָׁוֵה, *ਸ਼ਾਵੇਹ*) ਦਾ ਅਰਥ “ਮੈਦਾਨ” ਜਾਂ “ਦੂਣ” ਹੈ। ਇਸ ਕਰਕੇ ਇਹ ਹਵਾਲਾ ਉੱਤਰੀ ਮੋਆਬ ਦੇ ਇੱਕ ਕਸਬੇ ਕਿਰਯਾਤਇਮ ਦੇ ਨੇੜਲੇ ਪਧਰੇ ਇਲਾਕੇ ਬਾਰੇ ਹੈ (ਗਿਣਤੀ 32:37; ਯਹੋਸ਼ੁਆ 13:19; ਯਿਰਮਿਯਾਹ 48:1,

23; ਹਿਜ਼ਕੀਏਲ 25:9)। ਕਿਰਯਾਤਇਮ ਦੇ ਸਟੀਕ ਥਾਂ ਦੀ ਪਛਾਣ ਅਨਿਸ਼ਚਿਤ ਹੈ।

**ਹੋਰੀਆਂ ਨੂੰ ਉਨ੍ਹਾਂ ਦੇ ਪਹਾੜ ਸੇਈਰ ਵਿੱਚ ਏਲ-ਪਾਰਾਨ ਤਾਈਂ ਜੋ ਉਜਾੜ ਕੋਲ ਹੈ**: ਸੇਈਰ ਖਾਰੇ ਸਾਗਰ ਅਤੇ ਅਕਾਬਾ ਦੀ ਖਾੜੀ ਦੇ ਵਿਚਲਾ ਪਹਾੜੀ ਇਲਾਕਾ ਸੀ (ਬਿਵਸਥਾ ਸਾਰ 2:12, 22), ਜਿੱਥੇ ਅਦੋਮੀਆਂ ਦੇ ਆਣ ਕੇ ਵੱਸਣ ਤੋਂ ਪਹਿਲਾਂ ਹੋਰੀ ਰਹਿੰਦੇ ਸਨ। ਜਦ ਮੂਲਪਾਠ ਆਖਦਾ ਹੈ ਕਿ ਪੂਰਬੀ ਰਾਜਿਆਂ ਨੇ "ਏਲ-ਪਾਰਾਨ ਤਾਈਂ" ਇਲਾਕੇ ਨੂੰ ਫਤਿਹ ਕਰ ਲਿਆ ਸੀ ਤਾਂ ਅਜਿਹਾ ਜਾਪਦਾ ਹੈ ਕਿ ਉਹ ਏਲਾਥ (ਆਧੁਨਿਕ ਏਇਲਾਤ) ਤੱਕ ਗਏ ਸਨ।[5] ਅਸਯੋਨ-ਗਬਰ ਏਲਾਥ ਦੇ ਨੇੜੇ ਸੀ ਅਤੇ ਪੁਰਾਣੇ ਨੇਮ ਦੇ ਛੇਕੜਲੇ ਇਤਹਾਸ ਵਿੱਚ ਇਹ ਅਕਾਬਾ ਦੀ ਖਾੜੀ ਦਾ ਇੱਕ ਮਹੱਤਵਪੂਰਣ ਨਗਰ ਬਣ ਗਿਆ ਸੀ (ਗਿਣਤੀ 33:35; ਬਿਵਸਥਾ ਸਾਰ 2:8; 1 ਰਾਜਿਆਂ 9:26-28; 10:11-22)।

ਪੂਰਬੀ ਫੌਜ ਦਾ ਗਠਬੰਧਨ ਉੱਤਰ-ਪੱਛਮ ਵੱਲ ਨੂੰ **ਮੁੜਕੇ ਏਨ ਮਿਸਪਾਟ . . . ਨੂੰ ਆਏ**, ਜਿਸ ਨੂੰ ਬਾਅਦ ਵਿੱਚ **ਕਾਦੇਸ** (ਕਾਦੇਸ਼ ਬਰਨੇਆ) ਆਖਿਆ ਜਾਣ ਲੱਗਾ, ਜੋ ਮਾਰੂਥਲ ਵਿੱਚ ਸਥਿਤ ਇੱਕ ਬਾਗ ਸੀ ਜਿੱਥੇ ਇਸਰਾਏਲੀਆਂ ਨੇ ਉਸ ਵੇਲੇ ਡੇਰੇ ਪਾਏ ਸਨ ਜਦ ਭੇਤੀਆਂ ਨੂੰ ਕਨਾਨ ਦੇਸ ਦਾ ਭੇਤ ਲੈਣ ਲਈ ਘੱਲਿਆ ਗਿਆ ਸੀ ਕਿ ਦੇਸ ਅਤੇ ਉਸ ਦੇ ਵਸਨੀਕ ਕਿਹੋ ਜਿਹੇ ਸਨ (ਗਿਣਤੀ 13:26; 20:22)। ਇਹ ਵਾਇਦਾ ਕੀਤੇ ਹੋਏ ਦੇਸ ਦੀ ਦੱਖਣੀ ਸਰਹੱਦ ਸੀ। ਉਸ ਇਲਾਕੇ ਵਿੱਚ ਇਨ੍ਹਾਂ ਚਾਰ ਰਾਜਿਆਂ ਨੇ **ਅਮਾਲੇਕੀਆਂ ਦੇ ਸਾਰੇ ਮੁਲਕ ਨੂੰ . . . ਮਾਰਿਆ**। ਇਹ ਕੁਝ ਹੱਦ ਤੱਕ ਖਾਨਾਬਦੋਸ਼ ਲੋਕ ਸਨ ਜਿਹੜੇ ਬਾਈਬਲ ਤੋਂ ਇਲਾਵਾ ਅਗਿਆਤ ਹਨ, ਪਰ ਇਨ੍ਹਾਂ ਨੇ ਉਸ ਵੇਲੇ ਸੀਨਈ ਦੇ ਉਜਾੜ ਵਿੱਚ ਇਸਰਾਏਲੀਆਂ ਉੱਤੇ ਹਮਲਾ ਕੀਤਾ ਸੀ ਜਿਸ ਵੇਲੇ ਉਹ ਮਿਸਰ ਵਿੱਚੋਂ ਨਿੱਕਲ ਕੇ ਆ ਰਹੇ ਸਨ (ਕੂਚ 17:8-16)। ਇਸਰਾਏਲ ਦੇ ਚਾਲੀ ਵਰ੍ਹਿਆਂ ਤੱਕ ਉਜਾੜ ਵਿੱਚ ਰਹਿਣ ਦੇ ਆਖਰੀ ਵੇਲੇ ਦੇ ਨੇੜੇ ਅਮਾਲੇਕੀਆਂ ਦੇ ਉਸ ਵੇਲੇ ਅਦੋਮੀਆਂ ਨਾਲ ਚੰਗੇ ਸੰਬੰਧ ਸਨ ਜਿਸ ਵੇਲੇ ਬਿਲਆਮ ਨੂੰ ਸੱਦਿਆ ਗਿਆ ਸੀ (ਗਿਣਤੀ 24:18-20)। ਅੱਗੇ ਚੱਲ ਕੇ ਸ਼ਾਊਲ ਅਤੇ ਦਾਊਦ ਨੇ ਉਨ੍ਹਾਂ ਉੱਤੇ ਜ਼ਿਕਰਯੋਗ ਫਤਿਹ ਹਾਸਿਲ ਕੀਤੀ ਸੀ (1 ਸਮੂਏਲ 15; 27; 30)।

**ਅਮੋਰੀਆਂ ਨੂੰ ਵੀ ਜੋ ਹਸਿਸੋਨ ਤਾਮਰ ਵਿੱਚ ਵੱਸਦੇ ਸਨ**: ਇਸ ਸਥਾਨ ਨੂੰ 2 ਇਤਹਾਸ 20:2 ਵਿੱਚ ਏਨ-ਗਦੀ ਆਖਿਆ ਗਿਆ ਹੈ। ਇਹ ਖਾਰੇ ਸਾਗਰ ਦੇ ਪੱਛਮੀ ਕਿਨਾਰੇ 'ਤੇ ਚੰਗੀ ਹਰਿਆਵਲ ਵਾਲਾ ਬਾਗ ਸੀ, ਜਿੱਥੇ ਬਾਅਦ ਵਿੱਚ ਦਾਊਦ ਨੇ ਉਸ ਵੇਲੇ ਆਸਰਾ ਲਿਆ ਸੀ ਜਿਸ ਵੇਲੇ ਉਹ ਅਤੇ ਉਸ ਦੇ ਸਾਥੀ ਸ਼ਾਊਲ ਦੀ ਫੌਜ ਕੋਲੋਂ ਜਾਨ ਬਚਾ ਕੇ ਭੱਜ ਰਹੇ ਸਨ (1 ਸਮੂਏਲ 23:29; 24:1)। ਏਨ-ਗਦੀ ਹਬਰੋਨ ਦੇ ਨੇੜੇ "ਮਮਰੇ ਦੇ ਬਲੂਤਾਂ" ਤੋਂ ਬਹੁਤਾ ਦੂਰ ਨਹੀਂ ਸੀ, ਜਿੱਥੇ ਅਬਰਾਹਾਮ ਨੇ ਡੇਰੇ ਲਾਏ ਸਨ (14:13)। ਇਸ ਕਰਕੇ ਇਹ ਤਰਕਸ਼ੀਲ ਜਾਪਦਾ ਹੈ ਕਿ ਅਬਰਾਹਾਮ ਦੇ ਉਸ ਇਲਾਕੇ ਵਿੱਚ ਅਮੋਰੀਆਂ ਨਾਲ ਚੰਗੇ ਸੰਬੰਧ ਸਨ[6] ਜਿਨ੍ਹਾਂ ਨੇ ਪੂਰਬੀ ਗਠਬੰਧਨ ਦਾ ਪਿੱਛਾ ਕਰਨ ਵਿੱਚ ਉਸ ਦਾ ਸਾਥ ਦਿੱਤਾ ਸੀ, ਜੋ ਲੂਤ ਨੂੰ, ਸਦੂਮ ਦੇ ਲੋਕਾਂ ਨੂੰ ਅਤੇ "ਸਦੂਮ ਅਤੇ ਅਮੂਰਾਹ ਦਾ ਸਾਰਾ ਮਾਲ ਧਨ" ਲੈ ਜਾ ਰਹੇ ਸਨ (14:11-16)।

ਉਤਪਤ ਦੀ ਪੁਸਤਕ ਇਹ ਵੇਰਵਾ ਨਹੀਂ ਦਿੰਦੀ ਕਿ ਪੂਰਬੀ ਰਾਜਿਆਂ ਨੇ ਉਨ੍ਹਾਂ ਵਿਰੁੱਧ ਵਿਦਰੋਹ ਕਰਨ ਵਾਲਿਆਂ ਪੰਜ ਰਾਜਿਆਂ ਦੇ ਨਗਰਾਂ ਦੇ ਉੱਤਰ, ਪੂਰਬ, ਦੱਖਣ ਅਤੇ ਪੱਛਮ ਦੇ ਇਨ੍ਹਾਂ ਛੇ ਸਮੂਹਾਂ ਉੱਤੇ ਪਹਿਲਾਂ ਹਮਲਾ ਕਿਉਂ ਕੀਤਾ ਸੀ। ਸ਼ਾਇਦ ਇਸ ਕਰਕੇ ਕਿ ਉਹ ਇਨ੍ਹਾਂ ਪੱਛਮੀ ਨਗਰਾਂ ਉੱਤੇ ਮਸੋਪੋਤਾਮੀਆ ਦੇ ਸ਼ਾਸਨ ਦੇ ਵਿਰੁੱਧ ਉੱਠ ਰਹੇ ਵਿਸ਼ਾਲ ਵਿਦਰੋਹ ਦਾ ਹਿੱਸਾ ਸਨ, ਜਾਂ ਫਿਰ ਅਜਿਹਾ ਹੋਣ ਦਾ ਉਨ੍ਹਾਂ ਉੱਤੇ ਸੰਦੇਹ ਕੀਤਾ ਜਾ ਰਿਹਾ ਸੀ। ਅਸਲ ਵਿਦਰੋਹੀਆਂ ਦੇ ਚੁਫੇਰੇ ਦੇ ਇਲਾਕੇ ਵਿੱਚ ਪਹਿਲਾਂ ਜਾਣ ਦਾ ਉਨ੍ਹਾਂ ਦਾ ਕਾਰਣ ਭਾਵੇਂ ਕੁਝ ਵੀ

ਰਿਹਾ ਹੋਵੇ, ਤਾਂ ਵੀ ਨਿਰਸੰਦੇਹ ਇਨ੍ਹਾਂ ਚਾਰ ਰਾਜਿਆਂ ਨੇ ਪੰਜ ਨਗਰਾਂ ਦੀਆਂ ਰਿਆਸਤਾਂ ਦੇ ਲੋਕਾਂ ਦੇ ਮਨਾਂ ਵਿੱਚ ਡਰ ਬੈਠਾ ਦਿੱਤਾ ਸੀ ਜਦ ਉਨ੍ਹਾਂ ਨੇ ਉਸ ਤਬਾਹੀ ਬਾਰੇ ਸੁਣਿਆ ਸੀ ਜਿਹੜੀ ਇਨ੍ਹਾਂ ਹਮਲਾਵਰਾਂ ਨੇ ਹਰੇਕ ਇਲਾਕੇ ਵਿੱਚ ਮਚਾਈ ਸੀ।

**ਆਇਤਾਂ 8–10.** ਚਾਰ ਪੂਰਬੀ ਰਾਜਿਆਂ ਨੇ ਛੇ ਸੰਭਾਵੀ (ਜਾਂ ਅਸਲ) ਵਿਦਰੋਹੀ ਨਗਰਾਂ ਨੂੰ ਹਰਾਉਣ ਤੋਂ ਬਾਅਦ ਆਪਣੇ ਵਿਦਰੋਹੀ ਅਧੀਨ ਰਾਜਿਆਂ ਦੇ ਵਿਰੁੱਧ ਯੁੱਧ ਛੇੜ ਦਿੱਤਾ। ਹੈਰਾਨੀਜਨਕ ਰੀਤੀ ਨਾਲ ਦਿਲੇਰੀ ਦਿਖਾਉਂਦਿਆਂ **ਸਦੂਮ, ਅਮੂਰਾਹ, ਅਦਮਾਹ, ਸਬੋਈਮ** ਅਤੇ **ਬਲਾ ਅਰਥਾਤ ਸੋਆਰ** ਦੇ ਪੰਜ ਰਾਜਿਆਂ ਨੇ ਪਹਿਲੀ ਕੀਤੀ ਅਤੇ ਹਮਲਾਵਰਾਂ – **ਕਦਾਰਲਾਓਮਰ, ਤਿਦਾਲ, ਅਮਰਾਫਲ** ਅਤੇ **ਅਰਯੋਕ** ਉੱਤੇ ਚੜ੍ਹਾਈ ਕਰ ਦਿੱਤੀ। ਉਨ੍ਹਾਂ ਦਾ ਇਹ ਕਦਮ ਮੂਰਖਤਾ ਭਰਿਆ ਪ੍ਰਮਾਣਿਤ ਹੋਇਆ। ਹਾਲਾਂਕਿ **ਚਾਰ ਰਾਜੇ ਪੰਜਾਂ ਨਾਲ** ਯੁੱਧ ਕਰਦਿਆਂ ਸੰਭਾਵਨਾ ਇਹ ਜਾਪ ਸਕਦੀ ਸੀ ਕਿ ਪੱਛਮੀ ਰਾਜੇ ਅਤੇ ਉਨ੍ਹਾਂ ਦੀਆਂ ਫੌਜਾਂ ਇਸ ਯੁੱਧ ਵਿੱਚ ਫਤਿਹ ਹਾਸਿਲ ਕਰ ਸਕਦੀਆਂ ਸਨ, ਤਾਂ ਵੀ ਉਹ ਪੂਰਬ ਦੇ ਰਾਜਿਆਂ ਦੀ ਤਾਕਤ ਦਾ ਕੋਈ ਮੁਕਾਬਲਾ ਨਾ ਕਰ ਸਕੇ। ਪੱਛਮ ਦੀਆਂ ਫੌਜਾਂ **ਸਿੱਦੀਮ ਦੀ ਦੂਣ ਵਿੱਚ** ਹਾਰ ਗਈਆਂ (ਵੇਖੋ 14:3)।

ਇੱਕ ਵੇਰਵਾ ਇਹ ਵੀ ਦਿੱਤਾ ਗਿਆ ਹੈ ਕਿ **ਸਿੱਦੀਮ ਦੀ ਦੂਣ ਵਿੱਚ ਚਿੱਕੜ ਦੇ ਟੋਏ ਹੀ ਟੋਏ ਸਨ**। “ਚਿੱਕੜ” ਜਾਂ “ਬਿਟੂਮਨ” ਇੱਕ ਕੁਦਰਤੀ ਹਾਈਡ੍ਰੋਕਾਰਬਨ ਪਦਾਰਥ ਹੁੰਦਾ ਹੈ ਜਿਸ ਨੂੰ ਅਸਫਾਲਟ ਵੀ ਆਖਿਆ ਜਾਂਦਾ ਹੈ। ਇਸ ਦੇ ਭੰਡਾਰ ਮੱਧ ਪੂਰਬ ਦੇ ਕਈ ਇਲਾਕਿਆਂ ਵਿੱਚ ਵੇਖੇ ਜਾ ਸਕਦੇ ਹਨ ਅਤੇ ਕਦੇ-ਕਦੇ ਇਹ ਧਰਤੀ ਵਿੱਚੋਂ ਉਬਾਲੇ ਵੀ ਮਾਰਦੀ ਹੈ। ਬਾਬਲ ਦਾ ਬੁਰਜ ਬਣਾਉਣ ਵੇਲੇ ਅੱਗ ਵਿੱਚ ਪਕਾਈਆਂ ਗਈਆਂ ਇੱਟਾਂ ਦੇ ਨਾਲ ਇਸ ਦੀ ਵਰਤੋਂ ਮਸਾਲੇ ਵਜੋਂ ਕੀਤੀ ਗਈ ਸੀ (11:3)। ਅਬਰਾਹਾਮ ਦੇ ਆਪਣੇ ਨਗਰ ਊਰ ਦੇ ਵੱਡੇ ਜ਼ਿਗੁਰਾਟ ਦੇ ਬਾਹਰਲੀ ਕੰਧ ਦੀਆਂ ਇੱਟਾਂ ਵੀ ਇਸੇ ਮਸਾਲੇ ਦੀ ਵਰਤੋਂ ਕਰਕੇ ਲਗਾਈਆਂ ਗਈਆਂ ਸਨ।[7] ਇਸੇ ਕਰਕੇ ਸ਼ਾਸਤਰੀ ਮੰਨਦੇ ਹਨ ਕਿ ਸਿੱਦੀਮ ਦੀ ਦੂਣ, ਜਿੱਥੇ ਯੁੱਧ ਹੋਇਆ ਸੀ, ਖਾਰੇ ਸਾਗਰ ਦੇ ਦੱਖਣੀ ਕਿਨਾਰੇ ’ਤੇ ਸੀ। ਪਹਿਲੀ ਸਦੀ ਵਿੱਚ ਜੋਸੇਫਸ ਨੇ ਖਾਰੇ ਸਾਗਰ ਨੂੰ “ਲੇਕ ਅਸਫਾਲਟਿਟਿਸ” ਆਖਿਆ ਸੀ[8] ਕਿਉਂਕਿ ਆਮ ਤੌਰ ’ਤੇ ਅਸਫਾਲਟ (ਬਿਟੂਮਨ) ਦੇ ਵੱਡੇ-ਵੱਡੇ ਢੇਲਿਆਂ ਨੂੰ ਇਸ ਦੇ ਉੱਤੇ ਤੈਰਦਿਆਂ ਵੇਖਿਆ ਜਾ ਸਕਦਾ ਸੀ ਅਤੇ ਆਧੁਨਿਕ ਸਮਿਆਂ ਵਿੱਚ ਵੀ ਅਜਿਹਾ ਹੁੰਦਾ ਵੇਖਿਆ ਗਿਆ ਹੈ।[9]

ਬਿਰਤਾਂਤ ਅਗਾਂਹ ਵਧਦਿਆਂ ਆਖਦਾ ਹੈ ਕਿ **ਸਦੂਮ ਅਰ ਅਮੂਰਾਹ ਦੇ ਰਾਜੇ** ਡਰ ਦੇ ਮਾਰਿਆਂ **ਭੱਜੇ** ਅਤੇ ਇਸ ਅਸਫਾਲਟ ਦੇ ਟੋਇਆਂ ਵਿੱਚ **ਡਿੱਗ ਪਏ**। ਆਮ ਮਾਨਤਾ ਇਹ ਹੋ ਸਕਦੀ ਹੈ ਕਿ ਉਹ ਡਿਗਦਿਆਂ ਹੀ ਮਰ ਗਏ ਹੋਣਗੇ, ਸਿਰਫ ਸਦੂਮ ਦੇ ਰਾਜੇ ਦਾ 14:17 ਵਿੱਚ ਮੁੜ ਜ਼ਿਕਰ ਕੀਤਾ ਗਿਆ ਹੈ। ਇਸ ਵਿੱਚ ਕੋਈ ਔਖਿਆਈ ਨਹੀਂ ਹੋਣੀ ਚਾਹੀਦੀ ਕਿਉਂਕਿ ਇਬਰਾਨੀ ਕਿਰਿਆ נָפַל (*ਨਾਪਾਲ,* “ਡਿੱਗਣਾ”) ਦਾ ਇਹ ਭਾਵ ਵੀ ਹੋ ਸਕਦਾ ਹੈ ਕਿ ਕੋਈ ਵਿਅਕਤੀ ਆਪ ਹੇਠਾਂ ਉੱਤਰਦਾ ਹੈ। ਉਦਾਹਰਣ ਵਜੋਂ, 24:64 ਵਿੱਚ ਰਿਬਕਾਹ ਆਪਣੇ ਊਠ ਤੋਂ “ਉੱਤਰ ਗਈ” (*ਨਾਪਾਲ*), ਜਾਂ “ਹੇਠਾਂ ਉੱਤਰੀ” (NIV)। ਜੇਕਰ 14:10 ਵਿੱਚ ਵੀ ਇਸ ਕਿਰਿਆ ਦੀ ਵਰਤੋਂ ਇਸੇ ਭਾਵ ਨਾਲ ਕੀਤੀ ਗਈ ਹੈ ਤਾਂ ਸਦੂਮ ਅਤੇ ਅਮੂਰਾਹ ਦੇ ਰਾਜਿਆਂ ਨੇ ਜਾਣਬੁੱਝ ਕੇ ਅਸਫਾਲਟ ਦੇ ਇਨ੍ਹਾਂ ਟੋਇਆਂ ਵਿੱਚ ਛਾਲ ਮਾਰੀ ਹੋਵੇਗੀ ਕਿ ਉਸ ਵੇਲੇ ਉਨ੍ਹਾਂ ਦੇ ਸਾਹਮਣੇ ਖੜ੍ਹੀ ਮੌਤ ਤੋਂ ਬਚ ਕੇ ਲੁਕ ਜਾਣ (ਵੇਖੋ ਯਹੋਸ਼ੁਆ 10:16)। ਜੇਕਰ ਇਸ ਦੇ ਉਲਟ ਇਸ ਕਿਰਿਆ ਦੀ ਵਰਤੋਂ ਇਸ ਦੇ ਆਮ ਭਾਵ ਨਾਲ ਕੀਤੀ ਗਈ ਹੈ ਅਤੇ ਇਹ ਰਾਜੇ ਅਸਫਾਲਟ ਦੇ ਇਨ੍ਹਾਂ ਟੋਇਆਂ ਵਿੱਚ ਡਿੱਗ ਕੇ ਮਰ ਗਏ ਸਨ, ਤਾਂ ਇਸ ਦਾ ਅਰਥ ਇਹ ਹੋਇਆ ਕਿ ਉਨ੍ਹਾਂ ਦੀ

ਪਰਜਾ ਨੇ ਤੁਰੰਤ ਨਵੇਂ ਰਾਜਿਆਂ ਦੀ ਤਾਜਪੋਸ਼ੀ ਕਰ ਦਿੱਤੀ ਹੋਵੇਗੀ। ਕਿਉਂਕਿ ਸਦੂਮ ਦੇ ਇੱਕ ਰਾਜਾ ਨੇ ਅਬਰਾਹਾਮ ਨਾਲ ਉਸ ਵੇਲੇ ਗੱਲ ਕੀਤੀ ਸੀ ਜਦ ਉਹ ਲੋਕਾਂ ਨੂੰ ਛੁਡਾ ਕੇ ਲਿਆਇਆ ਸੀ (14:17)। ਭਾਵੇਂ ਜੋ ਵੀ ਹੋਵੇ, ਇਹ ਤਾਂ ਪੱਕਾ ਹੈ ਕਿ ਪੰਜ ਰਾਜਿਆਂ ਨੂੰ ਤਕੜੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਯੁੱਧ ਵਿੱਚ ਜੀਉਂਦੇ ਬਚੇ ਲੋਕ **ਪਹਾੜ ਨੂੰ ਭੱਜੇ**।

**ਆਇਤਾਂ 11, 12.** ਆਪਣੀ ਜਿੱਤ ਦੀ ਖੁਸ਼ੀ ਮਨਾਉਂਦਿਆਂ ਇਹ ਚਾਰੇ ਰਾਜੇ ਯੁੱਧ ਦੀ ਲੁੱਟ-ਸਮੱਗਰੀ ਨੂੰ ਆਪਣੇ ਨਾਲ ਲੈ ਗਏ, ਜਿਸ ਵਿੱਚ **ਸਦੂਮ ਅਰ ਅਮੂਰਾਹ** ਦਾ **ਸਾਰਾ ਮਾਲ ਧਨ** ਅਤੇ **ਸਾਰਾ ਅੰਨ ਦਾਣਾ** ਅਤੇ ਉਨ੍ਹਾਂ ਦੇ ਲੋਕ ਸ਼ਾਮਲ ਸਨ। ਇਸ ਤੋਂ ਇਲਾਵਾ, **ਲੂਤ ਅਬਰਾਮ ਦੇ ਭਤੀਜੇ ਨੂੰ** ਅਤੇ ਉਸ ਦੇ ਪਰਿਵਾਰ ਨੂੰ ਉਨ੍ਹਾਂ ਦੇ **ਮਾਲ ਧਨ** ਸਮੇਤ ਬੰਦੀ ਬਣਾ ਕੇ ਲਿਜਾਇਆ ਜਾ ਰਿਹਾ ਸੀ ਕਿਉਂਕਿ ਉਸ ਵੇਲੇ ਉਹ **ਸਦੂਮ ਵਿੱਚ ਵੱਸਦਾ ਸੀ**। ਲੂਤ ਬਾਰੇ ਇਹ ਜਾਣਕਾਰੀ ਨਵੀਂ ਹੈ। ਕਿਉਂਕਿ ਪਿਛਲੀ ਵਾਰੀ ਜਦ ਉਸ ਦਾ ਜ਼ਿਕਰ ਕੀਤਾ ਗਿਆ ਸੀ ਤਾਂ ਉਸ ਨੇ ਤਾਂ ਬਸ "ਸਦੂਮ ਕੋਲ ਆਪਣਾ ਤੰਬੂ ਲਾਇਆ" ਸੀ (13:12)। ਹੁਣ ਉਹ ਨਗਰ ਦੇ ਵਿੱਚ ਰਹਿ ਰਿਹਾ ਸੀ ਅਤੇ ਹਾਲਾਂਕਿ ਇਸ ਯੁੱਧ ਵਿੱਚ ਉਸ ਦਾ ਕੋਈ ਹੱਥ ਨਹੀਂ ਸੀ, ਤਾਂ ਵੀ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਸਦੂਮ ਦੇ ਵਸਨੀਕਾਂ ਦੀ ਦੁਖਦਾਈ ਹਾਲਤ ਵਿੱਚ ਸਾਂਝੀ ਹੋਣਾ ਪਿਆ ਸੀ ਜਿਨ੍ਹਾਂ ਨੇ ਪੂਰਬ ਦੇ ਰਾਜਿਆਂ ਦੇ ਵਿਰੁੱਧ ਵਿਦਰੋਹ ਕਰਕੇ ਮੂਰਖਤਾ ਭਰਿਆ ਕੰਮ ਕੀਤਾ ਸੀ।

## ਅਬਰਾਹਾਮ ਦੁਆਰਾ ਲੂਤ ਅਤੇ ਬਾਕੀ ਕੈਦੀਆਂ ਨੂੰ ਛੁਡਾਉਣਾ (14:13–16)

**13ਫੇਰ ਕਿਸੇ ਭਗੌੜੇ ਨੇ ਆ ਕੇ ਅਬਰਾਮ ਇਬਰਾਨੀ ਨੂੰ ਖ਼ਬਰ ਦਿੱਤੀ ਅਤੇ ਉਹ ਅਸ਼ਕੋਲ ਦੇ ਭਰਾ ਅਰ ਆਨੇਰ ਦੇ ਭਰਾ ਮਮਰੇ ਅਮੋਰੀ ਦੇ ਬਲੂਤਾਂ ਦੇ ਕੋਲ ਰਹਿੰਦਾ ਸੀ ਅਤੇ ਉਨ੍ਹਾਂ ਦਾ ਅਬਰਾਮ ਨਾਲ ਨੇਮ ਸੀ। 14ਜਦ ਅਬਰਾਮ ਨੇ ਸੁਣਿਆ ਕਿ ਉਹ ਦਾ ਭਰਾ ਫੜਿਆ ਗਿਆ ਤਦ ਉਸ ਨੇ ਆਪਣੇ ਤਿੰਨ ਸੌ ਅਠਾਰਾਂ ਸਿਖਾਏ ਹੋਏ ਘਰਜੰਮਾਂ ਨੂੰ ਲੈਕੇ ਦਾਨ ਤੀਕਰ ਉਨ੍ਹਾਂ ਦਾ ਪਿੱਛਾ ਕੀਤਾ। 15ਅਤੇ ਉਸ ਨੇ ਅਰ ਉਸ ਦੇ ਟਹਿਲੂਆਂ ਨੇ ਜੱਥੇ ਬਣਾਕੇ ਰਾਤ ਨੂੰ ਉਨ੍ਹਾਂ ਨੂੰ ਮਾਰਿਆ ਅਤੇ ਹੋਬਾਹ ਤੀਕਰ ਜਿਹੜਾ ਦਮਿਸਕ ਦੇ ਖੱਬੇ ਪਾਸੇ ਹੈ ਉਨ੍ਹਾਂ ਦਾ ਪਿੱਛਾ ਕੀਤਾ। 16ਅਤੇ ਉਹ ਸਾਰੇ ਮਾਲ ਧਨ ਨੂੰ ਮੋੜ ਲੈ ਆਇਆ ਅਤੇ ਆਪਣੇ ਭਰਾ ਲੂਤ ਨੂੰ ਵੀ ਅਰ ਉਹ ਦਾ ਮਾਲ ਧਨ ਅਰ ਇਸਤਰੀਆਂ ਅਰ ਲੋਕਾਂ ਨੂੰ ਵੀ ਮੋੜ ਲੈ ਆਇਆ।।**

**ਆਇਤ 13.** ਅਬਰਾਹਾਮ ਨਿਸ਼ਚਿਤ ਤੌਰ 'ਤੇ ਉਸ ਯੁੱਧ ਬਾਰੇ ਜਾਣਦਾ ਸੀ ਜਿਹੜਾ ਖਾਰੇ ਸਾਗਰ ਦੇ ਉੱਤਰ, ਪੂਰਬ, ਦੱਖਣ ਅਤੇ ਪੱਛਮ ਵਿੱਚ ਲੜਿਆ ਜਾ ਰਿਹਾ ਸੀ; ਪਰ ਉਸ ਨੂੰ ਉਸ ਬਾਰੇ ਕੋਈ ਖ਼ਬਰ ਨਹੀਂ ਸੀ ਜੋ ਸਦੂਮ ਅਤੇ ਅਮੂਰਾਹ ਵਿੱਚ ਹੋ ਰਿਹਾ ਸੀ ਜਦ ਤੱਕ ਕਿ ਇੱਕ **ਭਗੌੜੇ ਨੇ ਆ ਕੇ ਮਮਰੇ ਅਮੋਰੀ ਦੇ ਬਲੂਤਾਂ ਦੇ ਕੋਲ**, ਜਿੱਥੇ ਉਹ **ਰਹਿੰਦਾ ਸੀ** ਉਸ ਨੂੰ ਨਾ ਦੱਸਿਆ (ਵੇਖੋ 13:18)। ਇਸ ਵਿਅਕਤੀ ਨੇ ਉਸ ਨੂੰ ਲੂਤ ਅਤੇ ਉਸ ਦੇ ਪਰਿਵਾਰ ਦੇ ਹਾਲ ਬਾਰੇ ਦੱਸਿਆ। ਉਸ ਨੇ ਖ਼ਬਰ ਦਿੱਤੀ ਕਿ ਮੈਦਾਨੀ ਇਲਾਕੇ ਦਿਆਂ ਨਗਰਾਂ ਦੀ ਪੂਰਬ ਦੀ ਫੌਜ ਅੱਗੇ ਬੁਰੀ ਤਰ੍ਹਾਂ ਹਾਰ ਹੋਈ ਹੈ, ਜਿਸ ਦੇ ਨਤੀਜੇ ਵਜੋਂ ਲੋਕਾਂ ਨੂੰ ਬੰਦੀ ਬਣਾ ਕੇ ਲਿਜਾਇਆ ਜਾ ਰਿਹਾ ਹੈ, ਜਿਸ ਵਿੱਚ ਲੂਤ ਵੀ ਸ਼ਾਮਲ ਹੈ ਅਤੇ ਉਨ੍ਹਾਂ ਦਾ ਸਾਰਾ ਮਾਲ ਧਨ, ਸਾਰ ਅੰਨ ਦਾਣਾ ਅਤੇ ਸੰਪਤੀ ਲੁੱਟ ਕੇ ਲਿਜਾਈ ਜਾ ਰਹੀ ਹੈ।

ਬਿਰਤਾਂਤ ਆਖਦਾ ਹੈ ਕਿ ਭਗੌੜੇ ਨੇ ਇਹ ਬੁਰੀ ਖ਼ਬਰ **ਅਬਰਾਮ ਇਬਰਾਨੀ** ਨੂੰ ਦਿੱਤੀ। ਇਨ੍ਹਾਂ ਸ਼ਬਦਾਂ ਦੀ ਵਰਤੋਂ ਇਸ ਲਈ ਕੀਤੀ ਗਈ ਹੈ ਕਿ ਉਸ ਨੂੰ **ਅਮੋਰੀ** ਭਰਾਵਾਂ "ਮਮਰੇ,"

**ਅਸ਼ਕੋਲ**,[10] ਅਤੇ **ਆਨੇਰ** ਤੋਂ ਵੱਖਰਾ ਕੀਤਾ ਜਾ ਸਕੇ। ਪੁਰਾਣੇ ਨੇਮ ਵਿੱਚ ਇਹ ਪਹਿਲਾ ਸਥਾਨ ਹੈ ਜਿੱਥੇ "ਇਬਰਾਨੀ" (עִבְרִי, *ਇਬਰੀ*)[11] ਸ਼ਬਦ ਦੀ ਵਰਤੋਂ ਕੀਤੀ ਗਈ ਹੈ ਅਤੇ ਇੱਕਮਾਤਰ ਸਥਾਨ ਹੈ ਜਿੱਥੇ ਇਸ ਦੀ ਵਰਤੋਂ ਅਬਰਾਹਾਮ ਦੇ ਲਈ ਕੀਤੀ ਗਈ ਹੈ। ਇਸ ਸ਼ਬਦ ਦੀ ਵਰਤੋਂ ਬਾਅਦ ਵਿੱਚ ਯੂਸੁਫ ਦੀ ਵਾਰਤਾ ਵਿੱਚ (39:14; 40:15; 41:12; 43:32) ਅਤੇ ਇਸਰਾਏਲ ਦੇ ਇਤਹਾਸ ਵਿੱਚ (ਕੂਚ 1:15; 2:6, 11; 1 ਸਮੂਏਲ 4:6; 13:3, 19; 14:11; 29:3; ਯਿਰਮਿਯਾਹ 34:9; ਯੂਨਾਹ 1:9) ਹੋਈ ਹੈ। ਇਸ ਦੀ ਵਰਤੋਂ ਹਮੇਸ਼ਾ ਅਬਰਾਹਾਮ ਦੀ ਅੰਸ ਨੂੰ ਹੋਰਨਾਂ ਜਾਤੀ-ਸਮੂਹਾਂ ਤੋਂ ਵੱਖਰਾ ਦਰਸਾਉਣ ਲਈ ਕੀਤੀ ਗਈ ਹੈ।

ਇੱਕ ਸਮਾਂ ਸੀ ਜਦੋਂ "ਇਬਰਾਨੀ" ਅਤੇ "ਹਾਬਿਰੂ" (ਕਦੇ-ਕਦੇ "ਹਾਪਿਰੂ" ਜਾਂ "ਆਪਿਰੂ" ਵੀ ਲਿਖਿਆ ਜਾਂਦਾ ਹੈ) ਸ਼ਬਦਾਂ ਵਿਚਲੀ ਸਮਾਨਤਾ ਦੇ ਕਾਰਣ ਇਨ੍ਹਾਂ ਦੋਹਾਂ ਜਾਤੀਆਂ ਨੂੰ ਇੱਕੋ ਸਮਝਿਆ ਜਾਂਦਾ ਸੀ। ਹਾਬਿਰੂ ਲੋਕਾਂ ਦਾ ਜ਼ਿਕਰ ਪੁਰਾਤਨ ਮੱਧ ਪੂਰਬ ਦੀਆਂ ਬਾਰਵੀਂ ਸਦੀ ਤੋਂ ਗਿਆਰਵੀਂ ਸਦੀ ਈਸਾ ਪੂਰਬ ਦੀਆਂ ਲਗਭਗ ਸਭਨਾਂ ਲਿਖਤਾਂ ਵਿੱਚ ਪਾਇਆ ਜਾਂਦਾ ਹੈ। ਇਹ ਭਿੰਨ-ਭਿੰਨ ਜਾਤੀਆਂ ਨਾਲ ਮਿਲ ਕੇ ਬਣਿਆ ਸਮੂਹ ਸੀ ਜਿਹੜਾ ਇੱਕ ਥਾਂ ਤੋਂ ਦੂਜੇ ਥਾਂ 'ਤੇ ਫਿਰਦਾ ਰਹਿੰਦਾ ਸੀ ਅਤੇ ਜਿੱਥੇ ਕਿਤੇ ਉਹ ਜਾਂਦੇ ਸਨ ਉਨ੍ਹਾਂ ਨੂੰ ਪਰਦੇਸੀ ਆਖਿਆ ਜਾਂਦਾ ਸੀ। ਕਦੇ-ਕਦੇ ਇਹ ਅਵਾਰਾ ਲੋਕਾਂ ਜਿਹਾ ਵਿਹਾਰ ਕਰਦੇ ਸਨ ਅਤੇ ਲੁਟੇਰਿਆਂ ਦੇ ਦਲਾਂ ਵਾਂਗ ਕੰਮ ਕਰਦੇ ਸਨ। ਇਸ ਸਮੂਹ ਦੇ ਕੁਝ ਲੋਕ ਛੋਟੀਆਂ ਰਿਆਸਤਾਂ ਦੇ ਸ਼ਾਸਕਾਂ ਦੀਆਂ ਫੌਜਾਂ ਵਿੱਚ ਭਾੜੇ ਦੇ ਫੌਜੀਆਂ ਦਾ ਕੰਮ ਵੀ ਕਰਦੇ ਸਨ। ਸੰਭਵ ਹੈ ਕਿ ਜਦ ਇਸਰਾਏਲੀਆਂ ਨੇ ਕਨਾਨ ਦੇਸ ਉੱਤੇ ਹਮਲਾ ਕੀਤਾ ਸੀ ਤਾਂ ਕਨਾਨੀਆਂ ਨੇ ਇਨ੍ਹਾਂ ਨੂੰ ਹਾਬਿਰੂ ਲੋਕ ਸਮਝਿਆ ਹੋਵੇਗਾ। ਪਰ ਇਬਰਾਨੀਆਂ ਨੂੰ ਹਾਬਿਰੂ ਸਮਝੇ ਜਾਣ ਦੇ ਅਨੁਮਾਨ ਨੂੰ ਰੱਦ ਦਿੱਤਾ ਗਿਆ ਹੈ ਕਿਉਂਕਿ ਹਾਬਿਰੂ ਲੋਕਾਂ ਦਾ ਜ਼ਿਕਰ ਪੁਰਾਤਨ ਮੱਧ ਪੂਰਬ ਦੀਆਂ ਲਿਖਤਾਂ ਵਿੱਚ ਇਬਰਾਨੀਆਂ ਦੇ ਵਧ ਕੇ ਇੱਕ ਪਰਜਾ ਬਣਨ ਤੋਂ ਸੈਂਕੜੇ ਵਰ੍ਹੇ ਪਹਿਲਾਂ ਕੀਤਾ ਗਿਆ ਹੈ। ਉਹ ਤਾਂ ਉਸ ਵੇਲੇ ਕਨਾਨ ਵਿੱਚ ਲੁੱਟਮਾਰ ਕਰ ਰਹੇ ਸਨ ਜਦ ਇਬਰਾਨੀ ਅਜੇ ਵੀ ਮਿਸਰ ਦੀ ਗੁਲਾਮੀ ਵਿੱਚ ਸਨ ਜਾਂ ਮਾਰੂਥਲ ਵਿੱਚ ਭਟਕ ਰਹੇ ਸਨ।[12]

ਸਦੂਮ ਅਤੇ ਅਮੂਰਾਹ ਦੀ ਹਾਰ ਅਤੇ ਲੂਤ ਦੇ ਬੰਦੀ ਬਣਾਏ ਜਾਣ ਦੀ ਖ਼ਬਰ ਅਬਰਾਹਾਮ ਦੇ ਲਈ ਇੱਕ ਦੁਖਦਾਈ ਖ਼ਬਰ ਸੀ, ਪਰ ਉਹ ਤਿੰਨ ਅਮੋਰੀ ਭਰਾਵਾਂ ਮਮਰੇ, ਅਸ਼ਕੋਲ ਅਤੇ ਆਨੇਰ ਦੇ ਨਾਲ ਰੱਖਿਆਤਮਕ ਗਠਬੰਧਨ ਕਰ ਚੁੱਕਾ ਸੀ। ਇਨ੍ਹਾਂ ਤਿੰਨ ਅਮੋਰੀ ਭਰਾਵਾਂ ਕੋਲ ਅਜਿਹੇ ਸੇਵਕ ਸਨ ਜਿਹੜੇ ਯੁੱਧ ਕਰ ਸਕਦੇ ਸਨ, ਜਿਵੇਂ ਕਿ ਅਬਰਾਹਾਮ ਕੋਲ ਵੀ ਸਨ, ਇਸ ਤਰ੍ਹਾਂ ਬਿਰਤਾਂਤ ਵਿੱਚ ਉਨ੍ਹਾਂ ਬਾਰੇ ਲਿਖਿਆ ਹੈ ਕਿ **ਉਨ੍ਹਾਂ ਦਾ ਅਬਰਾਮ ਨਾਲ ਨੇਮ ਸੀ**।

ਇਬਰਾਨੀ ਸ਼ਬਦਾਂ ਦਾ בַּעֲלֵי בְרִית (*ਬਾਅਲੇਯ ਬੇਰਿਥ*), ਜਿਨ੍ਹਾਂ ਦਾ ਅਨੁਵਾਦ "ਉਨ੍ਹਾਂ ਦਾ . . . ਨੇਮ ਸੀ" ਕੀਤਾ ਗਿਆ ਹੈ, ਸ਼ਾਬਦਿਕ ਅਰਥ ਹੈ "ਨੇਮ ਦੇ ਸੁਆਮੀ"[13] ਜਾਂ "ਜਿਹੜੇ ਇੱਕ ਸੰਧੀ ਵਿੱਚ ਬੰਨ੍ਹੇ ਹੋਏ ਹਨ।"[14] *ਬੇਰਿਥ* ਸ਼ਬਦ "ਨੇਮ" ਦੇ ਲਈ ਜਾਂ ਦੋ ਗੁਟਾਂ ਵਿਚਕਾਰ ਬਝਵੇਂ ਇਕਰਾਰ ਦੇ ਲਈ ਇਸਤੇਮਾਲ ਕੀਤਾ ਜਾਣ ਵਾਲਾ ਪ੍ਰਮੁੱਖ ਸ਼ਬਦ ਹੈ। ਇਹ ਉਹੀ ਸ਼ਬਦ ਹੈ ਜਿਸ ਦੀ ਵਰਤੋਂ ਪਰਮੇਸ਼ੁਰ ਨੇ ਉਦੋਂ ਕੀਤੀ ਸੀ ਜਦੋਂ ਉਸ ਨੇ ਨੂਹ ਦੇ ਨਾਲ ਨੇਮ ਬੰਨ੍ਹਿਆ ਸੀ (6:18; 9:9-16) ਅਤੇ ਅਬਰਾਹਾਮ ਦੇ ਨਾਲ ਵੀ ਉਸ ਨੇ ਇਸ ਦੀ ਵਰਤੋਂ ਕਈ ਵਾਰੀ ਕੀਤੀ (15:18; 17:2, 4, 7, 9, 10)। ਬਾਅਦ ਦੀਆਂ ਸਦੀਆਂ ਵਿੱਚ ਮੂਸਾ ਦੀ ਸ਼ਰਾ ਨੇ ਇਸਰਾਏਲੀਆਂ ਨੂੰ ਕਨਾਨ ਦੇ ਅਮੋਰੀਆਂ ਦੇ ਨਾਲ ਨੇਮ ਬੰਨ੍ਹਣ ਤੋਂ ਵਰਜਿਆ ਕਿਉਂਕਿ ਉਹ ਪਰਜਾ ਦਾ ਹਿਰਦਾ ਯਹੋਵਾਹ ਤੋਂ ਹਟਾ ਕੇ ਦੂਜੇ ਦਿਓਤਿਆਂ ਵੱਲ ਲਾ ਸਕਦੇ ਸਨ (ਬਿਵਸਥਾ ਸਾਰ 7:1-4)। ਪਰ ਅਬਰਾਹਾਮ ਦੇ ਨਾਲ ਇਹ ਸਮੱਸਿਆ ਦਿਖਾਈ ਨਹੀਂ ਦਿੰਦੀ, ਜਿਸ ਨੇ ਗਰਾਰ ਦੇ ਰਾਜਾ ਦੇ ਨਾਲ

ਨੇਮ ਬੰਨ੍ਹਿਆ ਅਤੇ ਪਰਮੇਸ਼ੁਰ ਅੱਗੇ ਸੌਂਹ ਚੁੱਕੀ ਕਿ ਉਹ ਇਸ ਦੇ ਪ੍ਰਤੀ ਵਫ਼ਾਦਾਰ ਰਹੇਗਾ (20:1, 2; 21:22-24)।

ਅਜਿਹਾ ਕਿਉਂ ਸੀ ਕਿ ਤਿੰਨ ਅਮੋਰੀ ਭਰਾ ਉਨ੍ਹਾਂ ਦੇ ਦੇਸ ਵਿੱਚ ਰਹਿਣ ਵਾਲੇ ਇੱਕ ਪਰਦੇਸੀ ਦੇ ਨਾਲ ਨੇਮ ਬੰਨ੍ਹਣ ਲਈ ਤਿਆਰ ਹੋ ਗਏ ਸਨ? ਬਾਈਬਲ ਇਸ ਪ੍ਰਸ਼ਨ ਦਾ ਕੋਈ ਨਿਸ਼ਚਿਤ ਉੱਤਰ ਨਹੀਂ ਦਿੰਦੀ, ਪਰ ਉਨ੍ਹਾਂ ਦੇ ਇਸ ਫੈਸਲੇ ਦੇ ਕਈ ਕਾਰਣ ਰਹੇ ਹੋ ਸਕਦੇ ਹਨ। (1) ਸ਼ਾਇਦ ਉਨ੍ਹਾਂ ਨੇ ਅਬਰਾਹਾਮ ਨੂੰ ਇੱਕ ਧਨਵਾਨ ਅਤੇ ਸ਼ਕਤੀਸ਼ਾਲੀ ਵਿਅਕਤੀ (ਪਰਧਾਨ ਜਾਂ ਸ਼ੇਖ) ਵਜੋਂ ਵੇਖਿਆ ਸੀ ਜਿਸ ਦੇ ਕੋਲ ਵੱਡੀ ਗਿਣਤੀ ਵਿੱਚ ਸੇਵਕ ਜਾਂ ਗੁਲਾਮ ਸਨ ਜੋ ਉਸ ਦੇ ਲਈ ਯੁੱਧ ਕਰਨ ਤੱਕ ਲਈ ਤਿਆਰ ਸਨ। (2) ਉਨ੍ਹਾਂ ਨੂੰ ਸ਼ਾਇਦ ਇਹ ਵੀ ਪਤਾ ਹੋਵੇਗਾ ਕਿ ਅਬਰਾਹਾਮ ਅਤੇ ਉਸ ਦੇ ਸਾਥੀ ਕੁਝ ਚਿਰ ਪਹਿਲਾਂ ਹੀ ਮਿਸਰ ਤੋਂ ਗੁਲਾਮਾਂ, ਸੋਨਾ ਅਤੇ ਪਸ਼ੂਆਂ ਦੇ ਰੂਪ ਵਿੱਚ ਵੱਡੀ ਧਨ ਦੌਲਤ ਲੈ ਕੇ ਮੁੜੇ ਸਨ। ਸਾਰੀ ਘਟਨਾ ਜਾਣੇ ਬਗੈਰ ਸ਼ਾਇਦ ਉਨ੍ਹਾਂ ਨੇ ਇਹ ਸਿੱਟਾ ਕੱਢ ਲਿਆ ਹੋਵੇਗਾ ਕਿ ਕਿਸੇ ਧਨਵਾਨ ਮਿਸਰੀ ਨੇ ਜਾਂ ਫਿਰ ਸ਼ਾਇਦ ਆਪ ਫਿਰਊਨ ਨੇ ਅਬਰਾਹਾਮ ਦਾ ਸਤਿਕਾਰ ਕਰਦਿਆਂ ਇਹ ਦੌਲਤ ਦਿੱਤੀ ਹੋਵੇਗੀ। (3) ਜਦ ਉਹ ਅਬਰਾਹਾਮ ਕੋਲ ਆਏ ਹੋਣਗੇ, ਤਾਂ ਸ਼ਾਇਦ ਉਸ ਨੇ ਉਨ੍ਹਾਂ ਨੂੰ ਦੱਸਿਆ ਹੋਵੇਗਾ ਕਿ ਪਰਮੇਸ਼ੁਰ ਨੇ ਉਸ ਨੂੰ ਮਸੋਪੋਤਾਮੀਆ ਛੱਡ ਕੇ ਆਉਣ ਦਾ ਅਤੇ ਕਨਾਨ ਦੇਸ ਨੂੰ ਜਾਣ ਦਾ ਸੱਦਾ ਦਿੱਤਾ ਸੀ, ਜਿੱਥੇ ਪਰਮੇਸ਼ੁਰ ਨੇ ਉਸ ਨੂੰ ਅਤੇ ਉਸ ਦੀ ਅੰਸ ਨੂੰ ਅਸੀਸ ਦੇਣੀ ਸੀ, ਪਰ ਨਾਲ ਹੀ ਉਸ ਨੂੰ ਉਨ੍ਹਾਂ ਲੋਕਾਂ ਦੇ ਲਈ ਵੀ ਅਸੀਸ ਬਣਨਾ ਸੀ ਜਿਨ੍ਹਾਂ ਨੂੰ ਉਸ ਨੇ ਉੱਥੇ ਮਿਲਣਾ ਸੀ। ਇਨ੍ਹਾਂ ਵਿੱਚੋਂ ਕਿਸੇ ਇੱਕ ਨੇ ਜਾਂ ਸਾਰੀਆਂ ਸੰਭਾਵਨਾਵਾਂ ਨੇ ਅਮੋਰੀ ਭਰਾਵਾਂ ਨੂੰ ਅਬਰਾਹਾਮ ਦੇ ਨਾਲ ਨੇਮ ਬੰਨ੍ਹਣ, ਉਸ ਦੇ ਨਾਲ ਯੁੱਧ 'ਤੇ ਜਾਣ ਅਤੇ ਉਸ ਦੇ ਜ਼ਰੀਏ ਉਨ੍ਹਾਂ ਦੇ ਜੀਵਨ ਵਿੱਚ ਆਉਣ ਵਾਲੀਆਂ ਅਸੀਸਾਂ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ ਹੋਵਗਾ (ਵੇਖੋ 14:19, 20, 24)।

**ਆਇਤ 14.** ਜਿਵੇਂ ਹੀ ਅਬਰਾਮ ਨੇ **ਸੁਣਿਆ ਕਿ ਉਹ ਦਾ ਭਰਾ**[15] ਲੂਤ (ਨਾਲ ਲੂਤ ਦਾ ਪਰਿਵਾਰ ਅਤੇ ਮਾਲ ਧਨ) **ਫੜਿਆ ਗਿਆ** ਹੈ, ਤਾਂ ਉਸ ਨੇ ਇਸ ਸੰਕਟ ਦਾ ਸਾਹਮਣਾ ਕਰਨ ਦੀ ਤਿਆਰੀ ਕੀਤੀ ਅਤੇ **ਸਿਖਾਏ ਹੋਏ ਘਰਜੰਮਾਂ ਨੂੰ ਲੈਕੇ** ਉਨ੍ਹਾਂ ਦੇ ਮਗਰ ਤੁਰ ਪਿਆ। ਜਿਸ ਇਬਰਾਨੀ ਸ਼ਬਦ ਦਾ ਅਨੁਵਾਦ "ਸਿਖਾਏ ਹੋਏ" ਕੀਤਾ ਗਿਆ ਹੈ ਉਹ חָנִיךְ (*ਖ਼ਾਨਿਕ*) ਹੈ ਅਤੇ ਪੁਰਾਣੇ ਨੇਮ ਵਿੱਚ ਸਿਰਫ ਇੱਕੋ ਵਾਰੀ ਇਸਤੇਮਾਲ ਹੋਇਆ ਹੈ। ਇਹ ਸ਼ਬਦ ਸੰਭਾਵਿਤ ਤੌਰ 'ਤੇ "ਹਥਿਆਰਬੰਦ ਸੇਵਕਾਂ" ਵੱਲ ਇਸ਼ਾਰਾ ਕਰਦਾ ਹੈ, ਜਿਵੇਂ ਕਿ ਪੈਲੇਸਟਾਈਨ ਦੀਆਂ ਰਿਆਸਤਾਂ ਦੇ ਰਾਜਿਆਂ (ਪਰਧਾਨਾਂ) ਦੇ ਕੋਲ ਸਨ ਜਿਨ੍ਹਾਂ ਦਾ ਜ਼ਿਕਰ ਅਬਰਾਹਾਮ ਦੇ ਸਮੇਂ (ਦੂਜੇ ਮਿਲੇਨਿਅਮ ਈ.ਪੂ. ਦੇ ਅਰੰਭ ਵਿੱਚ)[16] ਵਿੱਚੋਂ ਮਿਲੇ ਮਿਸਰੀ ਸਰਾਪਾਂ ਦੀਆਂ ਲਿਖਤਾਂ ਵਿੱਚ ਕੀਤਾ ਗਿਆ ਹੈ। ਪਰ ਇੱਥੇ ਇਹ 318 ਵਿਅਕਤੀ ਅਬਰਾਹਾਮ ਵੱਲੋਂ ਭਾੜੇ 'ਤੇ ਲਿਆਂਦੇ ਗਏ ਫੌਜੀ ਨਹੀਂ ਸਨ। ਇਸ ਦੇ ਉਲਟ ਉਹ ਉਸ ਦੇ ਗੁਲਾਮ ਸਨ ਜਿਹੜੇ ਉਸ ਦੇ **ਘਰਜੰਮ** ਸਨ; ਸ਼ਾਇਦ ਉਨ੍ਹਾਂ ਦੇ ਮਾਪਿਆਂ ਨੇ ਆਪਣੇ ਸੁਆਮੀ ਦੇ ਨਾਲ ਮਸੋਪੋਤਾਮੀਆ ਤੋਂ ਕਨਾਨ ਦੀ ਯਾਤਰਾ ਅਰੰਭ ਕਰਨ ਤੋਂ ਕਈ ਵਰ੍ਹੇ ਪਹਿਲਾਂ ਤੋਂ ਉਸ ਦੀ ਸੇਵਾ ਕੀਤੀ ਹੋਵੇਗਾ। ਇਹ ਸੇਵਕ ਉਨ੍ਹਾਂ ਸੇਵਕਾਂ ਨਾਲੋਂ ਵੱਖਰੇ ਸਨ ਜਿਹੜੇ ਅਬਰਾਹਾਮ ਨੇ ਮਿਸਰ ਦੇ ਫਿਰਊਨ ਤੋਂ ਤੋਹਫੇ ਵਜੋਂ ਪ੍ਰਾਪਤ ਕੀਤੇ ਸਨ, ਕਿਉਂਕਿ ਮਿਸਰੀਆਂ ਨੂੰ ਉਸ ਦੇ ਨਾਲ ਰਹਿੰਦਿਆਂ ਕੁਝ ਹੀ ਸਮਾਂ ਬੀਤਿਆ ਸੀ। ਅਬਰਾਹਾਮ ਨਾ ਸਿਰਫ ਧਨਵਾਨ ਸੀ ਸਗੋਂ ਇੱਕ ਸ਼ਕਤੀਸ਼ਾਲੀ ਪਰਧਾਨ (ਸ਼ੇਖ) ਵੀ ਸੀ। ਸ਼ਾਇਦ ਉਸ ਦੇ ਜੱਥੇ ਵਿੱਚ ਇੱਕ ਹਜ਼ਾਰ ਤੋਂ ਵਧੇਰੇ ਲੋਕ ਸਨ। ਉਸ ਦੇ 318 ਯੁੱਧ ਲਈ ਸਿਖਾਏ ਹੋਏ ਵਿਅਕਤੀ ਜੋਧਿਆਂ ਦਾ ਇੱਕ ਦਲ ਸਨ।

ਅਬਰਾਹਾਮ ਅਤੇ ਉਸ ਦੇ ਸਾਥੀਆਂ ਨੇ **ਦਾਨ ਤੀਕਰ ਉਨ੍ਹਾਂ ਦਾ ਪਿੱਛਾ ਕੀਤਾ**। ਦਾਨ ਦਾ

ਪਿਛਲਾ ਨਾਮ "ਲਾਇਸ਼" (ਜਾਂ "ਲਸ਼ਮ") ਸੀ। ਨਿਆਈਆਂ ਦੇ ਸਮੇਂ ਵਿੱਚ ਜਾ ਕੇ ਦਾਨ ਦੇ ਗੋਤ ਨੇ ਇਸ ਨਗਰ ਉੱਤੇ ਕਬਜ਼ਾ ਕੀਤਾ ਸੀ ਅਤੇ ਇਸ ਨੂੰ ਨਵਾਂ ਨਾਮ ਦਿੱਤਾ ਸੀ (ਨਿਆਈਆਂ 18:29; ਵੇਖੋ ਯਹੋਸ਼ੁਆ 19:47)। ਉਸ ਦੇ ਕੁਝ ਸਮੇਂ ਬਾਅਦ ਕਿਸੇ ਸ਼ਾਸਤਰੀ ਨੇ ਉਤਪਤ ਦੀ ਪੁਸਤਕ ਵਿੱਚ "ਲਾਇਸ਼" ਦੀ ਥਾਂ 'ਤੇ ਇਸ ਦਾ ਨਵਾਂ ਨਾਮ "ਦਾਨ" ਲਿੱਖ ਦਿੱਤਾ ਸੀ, ਤਾਂ ਜੋ ਬਾਅਦ ਵਾਲੇ ਪਾਠਕ ਸਮਝ ਸਕਣ ਕਿ ਅਬਰਾਹਾਮ ਦੇ ਸਮੇਂ ਵਿੱਚ ਇਹ ਨਿਰਣਾਇਕ ਯੁੱਧ ਕਿੱਥੇ ਲੜਿਆ ਗਿਆ ਸੀ।

**ਆਇਤ 15. ਉਸ ਦੇ ਟਹਿਲੂਆਂ ਨੇ ਜੱਥੇ ਬਣਾਕੇ** ਅਬਰਾਹਾਮ ਅਤੇ ਉਸ ਦੇ ਸਾਥੀ **ਰਾਤ** ਵੇਲੇ ਵੈਰੀਆਂ ਉੱਤੇ ਅਚਾਣਕ ਆਣ ਪਏ। ਇਸਰਾਏਲ ਦੇ ਇਤਹਾਸ ਵਿੱਚ ਅੱਗੇ ਜਾ ਕੇ ਵੇਖਿਆ ਜਾ ਸਕਦਾ ਹੈ ਕਿ ਗਿਦਾਊਨ ਨੇ ਵੀ ਉਸ ਵੇਲੇ ਇਹੋ ਤਕਨੀਕ ਅਪਣਾਈ ਸੀ ਜਦੋਂ ਉਸ ਨੇ ਸਿਰਫ 300 ਸਾਥੀਆਂ ਦੇ ਨਾਲ ਮਿਦਯਾਨੀਆਂ ਨੂੰ ਹਰਾ ਦਿੱਤਾ ਸੀ (ਨਿਆਈਆਂ 7:16-23)। ਅਬਰਾਹਾਮ ਦੇ ਇਨ੍ਹਾਂ ਜੱਥਿਆਂ ਵਿੱਚ ਤਿੰਨ ਅਮੋਰੀ ਭਰਾਵਾਂ ਦੇ ਜੋਧੇ ਵੀ ਸ਼ਾਮਲ ਸਨ। ਉਸ ਦੇ ਗਠਬੰਧਨ ਨੇ ਆਪਣੇ ਵੈਰੀਆਂ ਦਾ **ਹੋਬਾਹ ਤੀਕਰ ਪਿੱਛਾ ਕੀਤਾ, ਜਿਹੜਾ ਦਮਿਸਕ ਦੇ ਖੱਬੇ ਪਾਸੇ** ਸੀ।

**ਆਇਤ 16.** ਉਤਪਤ ਦੀ ਪੁਸਤਕ ਦਾ ਲੇਖਕ ਪੂਰਬ ਦੀਆਂ ਫੌਜਾਂ ਦੀ ਇਸ ਤਕੜੀ ਹਾਰ ਦਾ ਹੋਰ ਕੋਈ ਵੇਰਵਾ ਪੇਸ਼ ਨਹੀਂ ਕਰਦਾ, ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਪਰਮੇਸ਼ੁਰ ਨੇ ਹਾਰਾਨ ਵਿੱਚ ਅਬਰਾਹਾਮ ਨਾਲ ਵਾਇਦਾ ਕੀਤਾ ਸੀ: "ਜੋ ਤੈਨੂੰ ਅਸੀਸ ਦਿੰਦੇ ਹਨ ਮੈਂ ਉਨ੍ਹਾਂ ਨੂੰ ਅਸੀਸ ਦਿਆਂਗਾ ਅਤੇ ਜੋ ਤੈਨੂੰ ਤੁੱਛ ਜਾਣਦਾ ਹੈ ਮੈਂ ਉਹ ਨੂੰ ਸਰਾਪ ਦਿਆਂਗਾ" (12:3)। ਇੱਥੇ ਚਾਰ ਸ਼ਕਤੀਸ਼ਾਲੀ ਰਾਜਿਆਂ ਦੀਆਂ ਫੌਜਾਂ ਉੱਤੇ ਪਰਮੇਸ਼ੁਰ ਦਾ ਸਰਾਪ ਆਣ ਪਿਆ ਹੈ (ਜਿਨ੍ਹਾਂ ਨੂੰ ਅਬਰਾਹਾਮ ਦੀਆਂ ਫੌਜਾਂ ਹਰਾ ਰਹੀਆਂ ਸਨ) ਕਿਉਂਕਿ ਉਨ੍ਹਾਂ ਨੇ ਲੂਤ ਅਤੇ ਉਸ ਦੇ ਪਰਿਵਾਰ ਨੂੰ ਉਸ ਦੇ ਸੇਵਕਾਂ ਅਤੇ ਮਾਲ ਧਨ ਸਮੇਤ ਫੜ ਕੇ ਅਬਰਾਹਾਮ ਨੂੰ ਤੁੱਛ ਜਾਣਿਆ ਸੀ। ਇਸ ਹਿੱਸੇ ਦਾ ਅੰਤ ਇਨ੍ਹਾਂ ਸ਼ਬਦਾਂ ਦੇ ਨਾਲ ਹੁੰਦਾ ਹੈ ਕਿ ਜੇਤੂਆਂ ਨੇ ਸਾਰਾ ਮਾਲ ਧਨ ਵਾਪਿਸ ਲੈ ਲਿਆ। ਇਸ ਨਾਲੋਂ ਵਧੇਰੇ ਨਤੀਜਾ ਇਹ ਨਿਕਲਿਆ ਕਿ ਉਨ੍ਹਾਂ ਨੇ **ਲੂਤ** ਅਤੇ **ਉਹ ਦਾ ਮਾਲ ਧਨ** ਛੁਡਾ ਲਿਆਉਂਦਾ ਜਿਸ ਵਿੱਚ ਸਾਰੀਆਂ **ਇਸਤਰੀਆਂ** ਅਤੇ ਹੋਰ **ਲੋਕ** ਸ਼ਾਮਲ ਹਨ ਜਿਨ੍ਹਾਂ ਨੂੰ ਪੂਰਬ ਦੀਆਂ ਫੌਜਾਂ ਬੰਦੀ ਬਣਾ ਕੇ ਲੈ ਜਾ ਰਹੀਆਂ ਸਨ।

## ਅਬਰਾਹਾਮ ਦੀ ਦੋ ਰਾਜਿਆਂ ਨਾਲ ਮੁਲਾਕਾਤ (14:17–24)

**17ਸਦੂਮ ਦਾ ਰਾਜਾ ਉਸ ਦੇ ਮਿਲਣ ਲਈ ਨਿੱਕਲ ਕੇ ਆਇਆ ਜਦੋਂ ਉਹ ਕਦਾਰਲਾਓਮਰ ਅਰ ਉਨ੍ਹਾਂ ਰਾਜਿਆਂ ਨੂੰ ਜਿਹੜੇ ਉਹ ਦੇ ਨਾਲ ਸਨ ਮਾਰ ਕੇ ਸ਼ਾਵੇਹ ਦੀ ਦੂਣ ਨੂੰ ਜਿਹੜੀ ਬਾਦਸ਼ਾਹੀ ਦੂਣ ਹੈ ਮੁੜ ਆਇਆ। 18ਅਤੇ ਮਲਕਿ-ਸਿਦਕ ਸ਼ਾਲੇਮ ਦਾ ਰਾਜਾ ਰੋਟੀ ਅਰ ਮੱਧ ਲੈ ਆਇਆ। ਉਹ ਅੱਤ ਮਹਾਂ ਪਰਮੇਸ਼ੁਰ ਦਾ ਜਾਜਕ ਸੀ। 19ਤਾਂ ਉਸ ਨੇ ਏਹ ਆਖਕੇ ਉਹ ਨੂੰ ਅਸੀਸ ਦਿੱਤੀ ਕਿ ਅੱਤ ਮਹਾਂ ਪਰਮੇਸ਼ੁਰ ਅਕਾਸ਼ ਅਰ ਧਰਤੀ ਦੇ ਮਾਲਕ ਦਾ ਅਬਰਾਮ ਮੁਬਾਰਕ ਹੋਵੇ। 20ਅਤੇ ਮੁਬਾਰਕ ਹੈ ਅੱਤ ਮਹਾਂ ਪਰਮੇਸ਼ੁਰ ਜਿਸ ਨੇ ਤੇਰੇ ਵੈਰੀਆਂ ਨੂੰ ਤੇਰੇ ਵੱਸ ਵਿੱਚ ਕਰ ਦਿੱਤਾ ਹੈ ਤਾਂ ਉਸ ਨੇ ਉਹ ਨੂੰ ਸਭ ਕਾਸੇ ਦਾ ਦਸਵੰਧ ਦਿੱਤਾ। 21ਅਤੇ ਸਦੂਮ ਦੇ ਰਾਜਾ ਨੇ ਅਬਰਾਮ ਨੂੰ ਆਖਿਆ, ਇਨ੍ਹਾਂ ਜੀਵਾਂ ਨੂੰ ਮੈਨੂੰ ਦਿਹ ਪਰ ਮਾਲ ਧਨ ਆਪ ਰੱਖ ਲੈ। 22ਪ੍ਰੰਤੂ ਅਬਰਾਮ ਨੇ ਸਦੂਮ ਦੇ ਰਾਜਾ ਨੂੰ ਆਖਿਆ ਮੈਂ ਯਹੋਵਾਹ ਅੱਤ ਮਹਾਂ ਪਰਮੇਸ਼ੁਰ ਅਕਾਸ਼ ਅਰ ਧਰਤੀ ਦੇ ਮਾਲਕ ਦੇ ਅੱਗੇ ਪਰਨ ਕੀਤਾ ਹੈ। 23ਕਿ ਮੈਂ ਧਾਗੇ ਤੋਂ ਲੈਕੇ ਜੁੱਤੀ ਦੇ ਸੱਲੂ ਤੀਕ ਤੇਰੇ**

**ਸਾਰੇ ਮਾਲ ਵਿੱਚੋਂ ਕੁਝ ਨਹੀਂ ਲਵਾਂਗਾ ਅਜਿਹਾ ਨਾ ਹੋਵੇ ਕਿ ਤੂੰ ਆਖੇਂ ਕਿ ਮੈਂ ਹੀ ਅਬਰਾਮ ਨੂੰ ਧਨੀ ਬਣਾ ਦਿੱਤਾ ਹੈ। [24]ਕੇਵਲ ਉਹ ਤੂੰ ਛੱਡ ਦਿਹ ਜੋ ਗਭਰੂਆਂ ਨੇ ਖਾ ਲਿਆ ਹੈ ਅਰ ਉਨ੍ਹਾਂ ਮਨੁੱਖਾਂ ਦਾ ਹਿੱਸਾ ਜਿਹੜੇ ਮੇਰੇ ਨਾਲ ਗਏ ਅਰਥਾਤ ਆਨੇਰ ਅਰ ਅਸ਼ਕੋਲ ਅਰ ਮਮਰੇ ਓਹ ਆਪਣਾ ਹਿੱਸਾ ਲੈ ਲੈਣ।**

**ਆਇਤ 17.** ਬਿਰਤਾਂਤ ਵਿੱਚ ਪਹਿਲਾਂ **ਸਦੂਮ ਦਾ ਰਾਜਾ** ਹੰਕਾਰੀ ਸੀ ਅਤੇ **ਕਦਾਰਲਾਓਮਰ** ਨਾਲ ਯੁੱਧ ਕਰਨ ਲਈ ਕਾਹਲਾ ਸੀ (14:8, 9)। ਯੁੱਧ ਦੇ ਅਰੰਭ ਹੋਣ ਮਗਰੋਂ ਉਸ ਦੀ ਫੌਜ ਨੂੰ ਵੈਰੀ ਨੇ ਬੁਰੀ ਤਰ੍ਹਾਂ ਹਰਾ ਦਿੱਤਾ, ਪਰ ਸ਼ਾਇਦ ਉਹ ਆਪ ਚਿੱਕੜ ਦੇ ਕਿਸੇ ਟੋਏ ਵਿੱਚ ਲੁਕ ਕੇ ਬਚ ਗਿਆ ਹੋਵੇਗਾ (14:8-10 ਦੀਆਂ ਟਿੱਪਣੀਆਂ ਵੇਖੋ)। ਪਰ ਵਾਰਤਾ ਦੇ ਇਸ ਬਿੰਦੂ ’ਤੇ ਸਦੂਮ ਦਾ ਰਾਜਾ ਬਾਹਰ ਆਇਆ ਅਤੇ ਅਬਰਾਹਾਮ ਦੇ ਸਾਹਮਣੇ ਸ਼ਰਮਿੰਦਾ ਹੋ ਕੇ ਖੜ੍ਹਾ ਸੀ, ਜੋ ਕਦਾਰਲਾਓਮਰ ਉੱਤੇ ਜੇਤੂ ਹੋਇਆ ਸੀ।

ਉਹ ਥਾਂ, ਜਿੱਥੇ ਸਦੂਮ ਦਾ ਰਾਜਾ ਅਤੇ ਅਬਰਾਹਾਮ ਦੀ ਮੁਲਾਕਾਤ ਹੋਈ ਸੀ, **ਸ਼ਾਵੇਹ ਦੀ ਦੂਣ** ਸੀ **ਜਿਹੜੀ ਬਾਦਸ਼ਾਹੀ ਦੂਣ ਹੈ**। “ਸ਼ਾਵੇਹ” ਦਾ ਅਰਥ ਹੈ “ਮੈਦਾਨ” ਜਾਂ “ਦੂਣ।” ਇਸ ਥਾਂ ਦਾ ਦੂਜਾ ਅਤੇ ਸਿਰਫ ਇੱਕ ਹੋਰ ਜ਼ਿਕਰ 2 ਸਮੂਏਲ 18:18 ਵਿੱਚ ਹੈ; ਅਬਸ਼ਾਲੋਮ ਨੇ ਆਪਣਾ ਨਾਮ ਸੁਰੱਖਿਅਤ ਰੱਖਣ ਲਈ ਉੱਥੇ ਪੱਥਰ ਦਾ ਇੱਕ ਥੰਮ੍ਹ ਖੜ੍ਹਾ ਕੀਤਾ ਸੀ ਕਿਉਂਕਿ ਉਸ ਦੀ ਆਪਣੀ ਕੋਈ ਸੰਤਾਨ ਨਹੀਂ ਸੀ। ਅਜਿਹਾ ਮੰਨਿਆ ਜਾਂਦਾ ਹੈ ਕਿ ਸ਼ਾਵੇਹ ਉਸ ਛੋਟੇ ਮੈਦਾਨ ਨੂੰ ਆਖਿਆ ਜਾਂਦਾ ਸੀ ਜਿਹੜਾ ਯਰੂਸ਼ਲਮ ਤੋਂ ਦੱਖਣ-ਪੂਰਬ ਵਿੱਚ ਕੁਝ ਕੁ ਦੂਰ ਸੀ, ਜਿੱਥੇ ਕਿਦਰੋਨ, ਹਿੰਨੋਮ ਅਤੇ ਟਾਇਰੋਪੋਓਨ ਦੂਣਾਂ ਆਪਸ ਵਿੱਚ ਮਿਲਦੀਆਂ ਹਨ।[17]

**ਆਇਤ 18. ਸ਼ਾਲੇਮ ਦਾ ਰਾਜਾ** ਵੀ, ਜਿਸ ਦਾ ਨਾਮ **ਮਲਕਿ-ਸਿਦਕ** ਸੀ, ਅਬਰਾਹਾਮ ਨੂੰ ਮਿਲਣ ਲਈ ਆਇਆ। “ਮਲਕਿ-ਸਿਦਕ” ਦਾ ਸ਼ਾਬਦਿਕ ਅਰਥ ਹੈ “ਧਾਰਮਿਕਤਾ ਦਾ ਰਾਜਾ”; ਅਤੇ ਉਸ ਦੀ ਪਛਾਣ, “ਸ਼ਾਲੇਮ ਦਾ ਰਾਜਾ,” ਦਾ ਅਰਥ ਹੈ “ਸ਼ਾਂਤੀ ਦਾ ਰਾਜਾ” (ਇਬਰਾਨੀਆਂ 7:2)। ਜ਼ਬੂਰ 76:2 ਵਿੱਚ, “ਸ਼ਾਲੇਮ,” ਜੋ ਯਰੂਸ਼ਲਮ ਦਾ ਪੁਰਾਣਾ ਨਾਮ ਸੀ, “ਸੀਯੋਨ” ਦੇ ਸਮਾਨਾਰਥੀ ਸ਼ਬਦ ਵਜੋਂ ਇਸਤੇਮਾਲ ਹੋਇਆ ਹੈ। ਜਦ ਦਾਊਦ ਨੇ ਆਪਣੇ ਜੋਧਿਆਂ ਦੇ ਨਾਲ ਰਲ ਕੇ ਯਬੂਸੀ ਗੜ੍ਹ ਸੀਯੋਨ ਉੱਤੇ ਕਬਜ਼ਾ ਕੀਤਾ ਅਤੇ ਉੱਥੇ ਆਪਣੇ ਮਹਿਲ ਦੀ ਉਸਾਰੀ ਕੀਤੀ, ਤਾਂ ਉਸ ਨੇ ਇਸ ਦਾ ਨਾਮ “ਦਾਊਦ ਦਾ ਸ਼ਹਿਰ ਜਾਂ ਨਗਰ” ਰੱਖਿਆ (2 ਸਮੂਏਲ 5:7, 9; 1 ਇਤਹਾਸ 11:5, 7)। ਸੁਲੇਮਾਨ ਦੇ ਸਮੇਂ ਵਿੱਚ ਦਾਊਦ ਦੇ ਨਗਰ ਨੂੰ ਖਾਸ ਤੌਰ ’ਤੇ “ਸੀਯੋਨ” ਸਦਾਇਆ ਜਾਂਦਾ ਸੀ (1 ਰਾਜਿਆਂ 8:1)।

ਮਲਕਿ-ਸਿਦਕ ਪੂਰਬ ਦੇ ਹਮਲਾਵਰ ਰਾਜਿਆਂ ਉੱਤੇ ਅਬਰਾਹਾਮ ਦੀ ਜਿੱਤ ਦੇ ਲਈ ਧੰਨਵਾਦੀ ਸੀ, ਇਸ ਕਰਕੇ ਉਹ ਬੜੇ ਸਤਿਕਾਰ ਦੇ ਨਾਲ **ਰੋਟੀ ਅਰ ਮੱਧ ਲੈ ਆਇਆ** ਤਾਂ ਜੋ ਯੁੱਧ ਤੋਂ ਲੰਮੀ ਯਾਤਰਾ ਕਰਕੇ ਵਾਪਿਸ ਆ ਰਹੇ ਜੋਧੇ ਤਾਜ਼ਗੀ ਪ੍ਰਾਪਤ ਕਰ ਸਕਣ। ਫੌਜੀਆਂ ਨੂੰ ਆਮ ਤੌਰ ’ਤੇ ਰੋਟੀ ਅਤੇ ਪਾਣੀ ਦਿੱਤਾ ਜਾਂਦਾ ਸੀ, ਜਦਕਿ ਰੋਟੀ ਅਤੇ ਮੱਧ ਸਿਰਫ ਰਾਜਿਆਂ ਨੂੰ ਦਿੱਤਾ ਜਾਂਦਾ ਸੀ (1 ਸਮੂਏਲ 16:20)। ਨਾਲੇ ਇਨ੍ਹਾਂ ਦੇ ਨਾਲ ਪਸ਼ੂਆਂ ਦੇ ਬਲੀਦਾਨ ਵੀ ਸ਼ਾਮਲ ਹੁੰਦੇ ਸਨ (ਗਿਣਤੀ 15:2-10; ਬਿਵਸਥਾ ਸਾਰ 14:22-26; 1 ਸਮੂਏਲ 1:14; 10:3)। ਮਲਕਿ-ਸਿਦਕ ਦੁਆਰਾ ਅਬਰਾਹਾਮ ਅਤੇ ਉਸ ਦੇ ਸਾਥੀਆਂ ਨੂੰ ਸ਼ਾਹੀ ਭੋਜਣ ਖੁਆਏ ਜਾਣਾ ਉਸ ਦੇ ਚਰਿੱਤਰ ਬਾਰੇ ਸਾਨੂੰ ਕੁਝ ਦੱਸਦਾ ਹੈ। ਉਹ ਇੱਕ ਭਲਾ ਅਤੇ ਧਰਮੀ ਰਾਜਾ ਸੀ ਜੋ ਉਨ੍ਹਾਂ ਲੋਕਾਂ ਦਾ ਸੱਚਮੁੱਚ ਸਤਿਕਾਰ ਕਰਨਾ ਚਾਹੁੰਦਾ ਸੀ ਜੋ ਦੂਜਿਆਂ ਨੂੰ ਬਚਾਉਣ ਦੀ ਖਾਤਰ ਐਨੇ ਲੰਮੇ ਅਤੇ ਖਤਰਨਾਕ ਮਿਸ਼ਨ ’ਤੇ ਜਾਣ ਲਈ ਤਿਆਰ ਸਨ।

ਰਾਜਾ ਹੋਣ ਤੋਂ ਇਲਾਵਾ ਮਲਕਿ-ਸਿਦਕ **ਅੱਤ ਮਹਾਂ ਪਰਮੇਸ਼ੁਰ** (אֵל עֶלְיוֹן, *ਏੱਲ ਏੱਲਯੋਨ*) **ਦਾ ਜਾਜਕ ਸੀ।** *ਏੱਲ* "ਪਰਮੇਸ਼ੁਰ" ਦੇ ਲਈ ਇਸਤੇਮਾਲ ਹੋਣ ਵਾਲਾ ਇਬਰਾਨੀ ਸ਼ਬਦ ਹੈ, ਜਦਕਿ *ਏੱਲਯੋਨ* ਇੱਕ ਸਰਬਉੱਚ ਵਿਸ਼ੇਸ਼ਣ ਹੈ ਜਿਸ ਦਾ ਅਰਥ "ਅੱਤ ਮਹਾਨ" ਹੈ। ਹੋਰਨਾਂ ਸੰਦਰਭਾਂ ਵਿੱਚ ਇਸ ਦੂਜੇ ਸ਼ਬਦ ਦਾ ਅਰਥ "ਉੱਚਾ," "ਸਭ ਤੋਂ ਉੱਚਾ," ਅਤੇ "ਬੁਲੰਦ" ਵੀ ਹੋ ਸਕਦਾ ਹੈ।[18] ਇਸ ਕਰਕੇ ਪਰਮੇਸ਼ੁਰ ਦੇ ਲਈ ਇਸਤੇਮਾਲ ਕੀਤਾ ਜਾਣ ਲਈ ਇਹ ਸ਼ਬਦ ਬਿਲਕੁਲ ਢੁਕਵਾਂ ਹੈ, ਜੋ ਸੁਰਗ ਅਤੇ ਧਰਤੀ ਉੱਤੇ ਖੁਦਮੁਖਤਿਆਰ ਹੈ।

ਕਿਉਂਕਿ ਇੱਕ ਕਨਾਨੀ ਦਿਓਤੇ ਦਾ ਨਾਮ "ਏੱਲ" ਸੀ ਅਤੇ ਇੱਕ ਹੋਰ ਦਿਓਤੇ (ਉਸ ਦੇ ਪੋਤਰੇ) ਦਾ ਨਾਮ "ਏੱਲਯੋਨ" ਸੀ, ਇਸ ਕਰਕੇ ਇਹ ਵੀ ਆਖਿਆ ਜਾਂਦਾ ਹੈ ਕਿ ਮਲਕਿ-ਸਿਦਕ ਪਰਾਏ ਦਿਓਤਿਆਂ ਦਾ ਜਾਜਕ ਸੀ ਜੋ "ਏੱਲ ਏੱਲਯੋਨ" ਨਾਮਕ ਦਿਓਤੇ ਦੀ ਪੂਜਾ ਕਰਦਾ ਸੀ। ਇਸ ਦ੍ਰਿਸ਼ਟੀਕੋਣ ਦੇ ਨਾਲ ਸਮੱਸਿਆ ਇਹ ਹੈ ਕਿ ਏੱਲ ਅਤੇ ਏੱਲਯੋਨ ਕਨਾਨੀ ਮਿਥਿਹਾਸ ਵਿੱਚ ਦੋ ਵੱਖਰੇ-ਵੱਖਰੇ ਦਿਓਤੇ ਸਨ ਅਤੇ ਉਨ੍ਹਾਂ ਦੇ ਕਿਸੇ ਵੀ ਸਾਹਿਤ ਵਿੱਚ ਇਸ ਨਾਮ ਦੇ ਇੱਕ ਦਿਓਤੇ ਦਾ ਜ਼ਿਕਰ ਨਹੀਂ ਮਿਲਦਾ ਹੈ।[19] ਜੇਕਰ ਇਹ ਜਾਜਕ ਕਨਾਨੀ ਰਾਜਿਆਂ ਵਰਗਾ ਕੋਈ ਰਾਜਾ ਹੁੰਦਾ ਤਾਂ ਉਸ ਤੋਂ ਉਮੀਦ ਕੀਤੀ ਜਾਣੀ ਸੀ ਕਿ ਉਹ ਆਪਣੇ ਕਿਸੇ ਦਿਓਤੇ ਦੇ ਨਾਮ ਵਿੱਚ ਅਸੀਸ ਦੇਵੇ ਅਤੇ ਦੋ ਨਾਮਾਂ ਨੂੰ ਮਿਲਾ ਕੇ ਕਿਸੇ ਦਿਓਤੇ ਦੇ ਨਾਮ ਵਿੱਚ ਨਹੀਂ, ਜਿਸ ਨੂੰ ਅਬਰਾਹਾਮ ਅਤੇ ਉਸ ਦੇ ਨਾਲ ਆਏ ਅਮੋਰੀ ਭਰਾ ਨਹੀਂ ਜਾਣਦੇ ਸਨ। ਇਸ ਤੋਂ ਇਲਾਵਾ ਇਸ ਗੱਲ ਦੀ ਜ਼ਰਾ ਵੀ ਸੰਭਾਵਨਾ ਨਹੀਂ ਹੈ ਕਿ ਜੇਕਰ ਅਬਰਾਹਾਮ ਨੂੰ ਮਿਲਣ ਤੋਂ ਪਹਿਲਾਂ ਮਲਕਿ-ਸਿਦਕ ਦੀ ਸ਼ਖਸੀਅਤ ਅਜਿਹੀ ਨਹੀਂ ਸੀ ਤਾਂ ਉਸ ਨੂੰ ਮਸੀਹ, ਜੋ ਧਾਰਮਿਕਤਾ ਅਤੇ ਸ਼ਾਂਤੀ ਦਾ ਅਸਲ ਰਾਜਕੁਮਾਰ ਸੀ, ਦੇ ਇੱਕ ਨਮੂਨੇ ਵਾਂਗ ਉੱਚਾ ਕੀਤਾ ਜਾਣਾ ਸੀ (ਜ਼ਬੂਰ 110:1-4; ਇਬਰਾਨੀਆਂ 7:1-4, 17, 21)। ਬਿਰਤਾਂਤ ਇਹ ਨਹੀਂ ਦੱਸਦਾ ਕਿ ਇਸ ਰਾਜੇ ਨੇ ਸੱਚੇ ਪਰਮੇਸ਼ੁਰ ਬਾਰੇ ਕਿਵੇਂ ਜਾਣਿਆ ਸੀ; ਪਰ ਸ਼ਾਇਦ ਪ੍ਰਭੂ ਨੇ ਆਪ ਆਪਣੇ ਆਪ ਨੂੰ ਉਸ ਉੱਤੇ ਪਰਗਟ ਕੀਤਾ ਹੋਵੇਗਾ, ਉਵੇਂ ਹੀ ਜਿਵੇਂ ਉਸ ਨੇ ਅਬਰਾਹਾਮ ਦੇ ਨਾਲ ਕੀਤਾ ਸੀ (12:1-3; ਰਸੂਲਾਂ 7:2-4) ਅਤੇ ਜਿਵੇਂ ਉਸ ਨੇ ਕਈ ਸਦੀਆਂ ਬਾਅਦ ਬਿਲਆਮ ਦੇ ਨਾਲ ਕੀਤਾ ਸੀ (ਗਿਣਤੀ 22:1—24:25)।

**ਆਇਤ 19.** ਫਿਰ ਮਲਕਿ-ਸਿਦਕ ਨੇ ਇਹ ਆਖਦਿਆਂ ਅਬਰਾਹਾਮ ਨੂੰ ਅਸੀਸ ਦਿੱਤੀ, **ਅੱਤ ਮਹਾਂ ਪਰਮੇਸ਼ੁਰ ਅਕਾਸ਼ ਅਰ ਧਰਤੀ ਦੇ ਮਾਲਕ ਦਾ ਅਬਰਾਮ ਮੁਬਾਰਕ ਹੋਵੇ।** ਮਲਕਿ-ਸਿਦਕ ਦੁਆਰਾ ਅਬਰਾਹਾਮ ਨੂੰ ਅਸੀਸ ਦੇਣਾ ਦਰਸਾਉਂਦਾ ਹੈ ਕਿ ਪਰਮੇਸ਼ੁਰ ਦਾ ਜਾਜਕ ਅਤੇ "ਧਾਰਮਿਕਤਾ ਦਾ ਰਾਜਾ" (ਇਬਰਾਨੀਆਂ 7:2) ਹੋਣ ਕਰਕੇ ਉਹ ਯਹੂਦੀਆਂ ਦੇ ਪਿਤਾ ਨਾਲੋਂ ਵੱਡਾ ਸੀ। ਕੁਝ ਰੱਬੀ ਇਸ ਨੂੰ ਲੈ ਕੇ ਜੱਦੋ-ਜਹਿਦ ਕਰਦੇ ਹਨ ਅਤੇ ਮਲਕਿ-ਸਿਦਕ ਦੇ ਜਾਜਕ ਪਦ ਨੂੰ ਅਬਰਾਹਾਮ ਤੋਂ ਹੇਠਾਂ ਰੱਖਦੇ ਹਨ। ਬਾਕੀ ਦੇ ਰੱਬੀ ਉਸ ਨੂੰ ਉਚੇਰਾ ਦਰਸਾਉਂਦਿਆਂ ਆਖਦੇ ਹਨ ਕਿ ਉਹ ਇੱਕ ਸੁਰਗ ਦੂਤ ਸੀ, ਸ਼ਾਇਦ ਪਰਧਾਨ ਦੂਤ ਮੀਕਾਏਲ ਸੀ।[20] ਪਰ ਇਬਰਾਨੀਆਂ ਦੀ ਪੁਸਤਕ ਦਾ ਲੇਖਕ ਲਿਖਦਾ ਹੈ ਕਿ ਉਹ ਕੋਈ ਸੁਰਗੀ ਪ੍ਰਾਣੀ ਨਹੀਂ ਸੀ ਪਰ ਇੱਕ "ਮਹਾਤਮਾ" ਸੀ, ਜਿਸ ਦੀ ਵੰਸ਼ਾਵਲੀ (ਪੁਰਖੇ ਅਤੇ ਅੰਸ) ਦਾ ਯਹੂਦੀਆਂ ਨੂੰ ਪਤਾ ਨਹੀਂ ਸੀ (ਇਬਰਾਨੀਆਂ 7:3, 4)। ਵੰਸ਼ਾਵਲੀ ਦੀ ਘਾਟ ਹੋਣ ਕਰਕੇ ਕੁਝ ਲੋਕ ਉਸ ਨੂੰ ਨੀਵੀਂ ਨਿਗਾਹ ਨਾਲ ਵੇਖਦੇ ਹਨ ਕਿਉਂਕਿ ਉਹ ਮੰਨਦੇ ਹਨ ਕਿ ਜਾਜਕ ਪਦ ਨੂੰ ਨਿਰਧਾਰਿਤ ਕਰਨ ਲਈ ਜੱਦੀ ਵੰਸ਼ਾਵਲੀ ਪਤਾ ਹੋਣਾ ਜ਼ਰੂਰੀ ਹੈ।

ਪੁਰਾਣੇ ਨੇਮ ਦੇ ਅਨੁਸਾਰ ਅਸੀਸ ਦੇਣ ਵਾਲਾ, ਫਿਰ ਭਾਵੇਂ ਉਹ ਕੋਈ ਜਾਜਕ ਹੋਵੇਂ ਭਾਵੇਂ ਰਾਜਾ, ਅਸੀਸ ਪ੍ਰਾਪਤ ਕਰਨ ਵਾਲੇ ਨਾਲੋਂ ਵੱਡਾ ਹੁੰਦਾ ਹੈ (ਕੂਚ 39:43; ਗਿਣਤੀ 6:22-27; ਬਿਵਸਥਾ ਸਾਰ 10:8; 2 ਸਮੂਏਲ 6:18)। ਮਲਕਿ-ਸਿਦਕ ਦੇ ਅਬਰਾਹਾਮ ਨਾਲੋਂ ਉਚੇਰਾ ਹੋਣ

ਦਾ ਸੁਨਿਸ਼ਚਿਤ ਪ੍ਰਮਾਣ ਇਬਰਾਨੀਆਂ 7:7 ਵਿਚਲੇ ਇਸ ਕਥਨ ਤੋਂ ਮਿਲਦਾ ਹੈ, "ਛੋਟੇ ਨੂੰ ਵੱਡੇ ਤੋਂ ਅਸੀਸ ਮਿਲਦੀ ਹੈ।" ਇਸ ਕਰਕੇ ਇਬਰਾਨੀਆਂ ਦੀ ਪੁਸਤਕ ਦਾ ਲੇਖਕ ਇਹ ਦਾਅਵਾ ਨਹੀਂ ਕਰ ਰਿਹਾ ਸੀ ਕਿ ਮਲਕਿ-ਸਿਦਕ ਦਾ ਵਡੇਰਾਪਣ ਕਿਸੇ ਤਰ੍ਹਾਂ ਦੇ ਸਰੀਰਕ, ਸਿਆਸੀ ਜਾਂ ਆਰਥਿਕ ਕਾਰਣਾਂ ਕਰਕੇ ਸੀ; ਸਗੋਂ ਧਾਰਮਿਕਤਾ ਦਾ ਰਾਜਾ ਅਤੇ ਅੱਤ ਮਹਾਂ ਪਰਮੇਸ਼ੁਰ ਦਾ ਜਾਜਕ ਹੋਣ ਕਰਕੇ ਉਹ ਆਤਮਕ ਤੌਰ 'ਤੇ ਅਬਰਾਹਾਮ ਨਾਲੋਂ ਵੱਡਾ ਸੀ। ਜਦ ਅਬਰਾਹਾਮ ਨੇ 14:22 ਵਿੱਚ "ਯਹੋਵਾਹ" ਨਾਮ ਦੀ ਵਰਤੋਂ ਕੀਤੀ, ਤਾਂ ਉਹ ਸ਼ਾਲੇਮ ਦੇ ਰਾਜਾ ਨੂੰ ਸੱਚੇ ਪਰਮੇਸ਼ੁਰ ਦੀ ਸਿਆਣ ਨਹੀਂ ਕਰਵਾ ਰਿਹਾ ਸੀ, ਜਿਵੇਂ ਕਿ ਕੁਝ ਲੋਕ ਮੰਨਦੇ ਹਨ। ਉਹ ਤਾਂ ਬਸ ਪਰਮੇਸ਼ੁਰ ਦੇ ਨਿੱਜੀ ਨਾਮ ਦੀ ਵਰਤੋਂ ਕਰ ਰਿਹਾ ਸੀ। ਤਾਂ ਵੀ ਸੰਭਵ ਹੈ ਕਿ ਮਲਕਿ-ਸਿਦਕ ਇਸ ਨਾਮ ਤੋਂ ਜਾਣੂ ਨਾ ਹੋਵੇ, ਹਾਲਾਂਕਿ ਉਹ ਇੱਕਮਾਤਰ ਸੱਚੇ ਅੱਤ ਮਹਾਂ ਪਰਮੇਸ਼ੁਰ ਦਾ ਦਾਸ ਸੀ।

ਸ਼ਾਲੇਮ ਦੇ ਧਰਮੀ ਰਾਜਾ ਦੁਆਰਾ ਅਬਰਾਹਾਮ ਦੇ ਇਸ ਸਤਿਕਾਰ ਨੂੰ ਪੂਰਬ ਦੇ ਰਾਜਿਆਂ ਵੱਲੋਂ ਉਸ ਨਾਲ ਕੀਤੇ ਗਏ ਵਿਹਾਰ ਦੇ ਉਲਟ ਵੇਖਿਆ ਜਾਣਾ ਚਾਹੀਦਾ ਹੈ, ਜਿਨ੍ਹਾਂ ਨੇ ਲੂਤ ਨੂੰ, ਉਸ ਦੇ ਲੋਕਾਂ ਨੂੰ ਅਤੇ ਉਸ ਦੀ ਸੰਪਤੀ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ ਸੀ। ਜਿਵੇਂ ਕਿ 14:14-16 ਦੇ ਸੰਬੰਧ ਵਿੱਚ ਵੇਖਿਆ ਗਿਆ ਸੀ ਕਿ ਪੂਰਬ ਦੇ ਰਾਜਿਆਂ ਨੇ ਅਬਰਾਹਾਮ ਦੇ ਭਤੀਜੇ ਨੂੰ ਬੰਦੀ ਬਣਾ ਕੇ ਉਸ ਨੂੰ "ਸਰਾਪਿਆ" ਸੀ। ਇਹ ਇੱਕ ਹੋਰ ਉਦਾਹਰਣ ਹੈ ਕਿ ਕਿਵੇਂ ਸ਼ਕਤੀਸ਼ਾਲੀ ਲੋਕ – 12:17, 18 ਵਿੱਚ ਫਿਰਊਨ ਦੀ ਤਰ੍ਹਾਂ – ਅਬਰਾਹਾਮ ਦੇ ਨਾਲ ਸਹੀ ਸੰਬੰਧ ਨਾ ਰੱਖਣ ਕਰਕੇ ਆਪਣੇ ਉੱਤੇ ਸਰਾਪ ਲੈ ਆਏ ਸਨ। ਪਰ ਮਲਕਿ-ਸਿਦਕ ਨੇ ਉਸ ਨੂੰ "ਅਸੀਸ" ਦਿੱਤੀ ਸੀ। ਉਸ ਦੁਆਰਾ ਅਬਰਾਹਾਮ ਨੂੰ ਅਸੀਸ ਦਿੱਤਾ ਜਾਣਾ ਉਸ ਵੱਲੋਂ ਪੂਰਬ ਦੇ ਰਾਜਿਆਂ ਦਾ ਪਿੱਛਾ ਕਰਨ, ਉਨ੍ਹਾਂ ਉੱਤੇ ਦਿਲੇਰੀ ਨਾਲ ਹਮਲਾ ਕਰਨ ਅਤੇ ਉਨ੍ਹਾਂ ਨੂੰ ਹਰਾਉਣ ਅਤੇ ਫਿਰ ਬੰਦੀਆਂ ਅਤੇ ਉਨ੍ਹਾਂ ਦੀ ਸੰਪਤੀ ਨੂੰ ਛੁਡਾ ਲਿਆਉਣ ਦੇ ਪ੍ਰਤੀ ਇੱਕ ਸ਼ੁਕਰਗੁਜ਼ਾਰੀ ਸੀ।

ਮਲਕਿ-ਸਿਦਕ ਨੇ ਅਬਰਾਹਾਮ ਨੂੰ "ਅੱਤ ਮਹਾਂ ਪਰਮੇਸ਼ੁਰ" ਦੇ ਨਾਮ ਵਿੱਚ ਅਸੀਸ ਦਿੱਤੀ ਸੀ, ਜਿਸ ਨੂੰ ਉਸ ਨੇ "ਅਕਾਸ਼ ਅਤੇ ਧਰਤੀ ਦਾ ਮਾਲਕ" ਆਖਿਆ ਸੀ। ਜਿਸ ਸ਼ਬਦ קָנָה (*ਕਾਨਾਹ*) ਦਾ ਅਨੁਵਾਦ "ਮਾਲਕ" ਕੀਤਾ ਗਿਆ ਹੈ, ਉਸ ਦੇ ਕਈ ਰੂਪ ਪੁਰਾਣੇ ਨੇਮ ਵਿੱਚ ਕਈ ਥਾਂਵਾਂ 'ਤੇ ਵੇਖੇ ਜਾ ਸਕਦੇ ਹਨ ਅਤੇ ਉਨ੍ਹਾਂ ਦਾ ਆਮ ਤੌਰ 'ਤੇ ਅਰਥ ਸੰਪਤੀ "ਪ੍ਰਾਪਤ" ਜਾਂ "ਹਾਸਲ" ਕਰਨ ਤੋਂ ਹੈ।[21] ਆਰ. ਲਾਇਰਡ ਹੈਰਿਸ ਦੇ ਅਨੁਸਾਰ, *ਕਾਨਾਹ* ਦਾ ਕੁਝ ਥਾਂਵਾਂ 'ਤੇ ਅਰਥ "ਸਰਿਸ਼ਟੀ ਕਰਨਾ" ਵੀ ਪ੍ਰਤੀਤ ਹੁੰਦਾ ਹੈ (14:19, 22; ਬਿਵਸਥਾ ਸਾਰ 32:6; ਜ਼ਬੂਰ 139:13; ਕਹਾਉਤਾਂ 8:22)।[22] ਜ਼ਿਆਦਾਤਰ ਅਨੁਵਾਦ "ਮਾਲਕ" (NASB) ਦੇ ਥਾਂ 'ਤੇ 14:19, 22 ਵਿੱਚ *ਕਾਨਾਹ* ਦਾ ਅਨੁਵਾਦ "ਸਿਰਜਣਹਾਰ" ਕਰਦੇ ਹਨ (NIV; NEB; REB; NAB; NJB; NJPSV; CEV; NLT), ਜਿਹੜਾ ਇਸ ਸੰਦਰਭ ਵਿੱਚ ਵਧੇਰੇ ਸੁਭਾਵਕ ਅਰਥ ਜਾਪਦਾ ਹੈ। ਇੱਥੇ ਕੋਈ ਵੀ ਮਹੱਤਵਪੂਰਣ ਸਿਧਾਂਤ ਖਤਰੇ ਵਿੱਚ ਨਹੀਂ ਹੈ, ਕਿਉਂ ਜੋ ਇਹ ਦੋਵੇਂ ਸ਼ਬਦ ਇੱਕਮਾਤਰ ਸੱਚੇ ਪਰਮੇਸ਼ੁਰ ਨੂੰ ਪੇਸ਼ ਕਰਦੇ ਹਨ। ਪਰਮੇਸ਼ੁਰ ਸੁਰਗ ਅਤੇ ਧਰਤੀ ਦਾ ਸਿਰਜਣਹਾਰ ਹੈ, ਤਾਂ ਫਿਰ ਉਹ ਆਪਣੀ ਸਰਿਸ਼ਟ ਦਾ ਮਾਲਕ ਕਿਉਂ ਨਹੀਂ ਹੋ ਸਕਦਾ? ਇਸੇ ਤਰ੍ਹਾਂ ਪਰਮੇਸ਼ੁਰ ਸੁਰਗ ਅਤੇ ਧਰਤੀ ਦਾ ਮਾਲਕ ਹੈ, ਤਾਂ ਫਿਰ ਉਹ ਆਪਣੀ ਸਰਿਸ਼ਟੀ ਦਾ ਸਿਰਜਣਹਾਰ ਕਿਉਂ ਨਹੀਂ ਹੋ ਸਕਦਾ? ਥਿਓਲੋਜਿਕਲ ਦਰਿਸ਼ਟੀ ਨਾਲ ਇਨ੍ਹਾਂ ਵਿੱਚੋਂ ਕਿਸੇ ਵੀ ਅਨੁਵਾਦ ਨੂੰ ਸਟੀਕ ਮੰਨਿਆ ਜਾ ਸਕਦਾ ਹੈ ਕਿਉਂਕਿ ਪਰਮੇਸ਼ੁਰ ਸਰਬਸ਼ਕਤੀਮਾਨ ਸਿਰਜਣਹਾਰ ਵੀ ਹੈ ਅਤੇ ਆਪਣੀ ਸਰਿਸ਼ਟੀ ਦਾ ਪਾਲਣਹਾਰ ਮਾਲਕ ਵੀ ਹੈ।

**ਆਇਤ 20.** ਮਲਕਿ-ਸਿਦਕ ਨੇ ਆਪਣੀ ਅਸੀਸ ਨੂੰ ਜਾਰੀ ਰੱਖਿਆ। ਉਸ ਨੇ ਸਿਆਣ ਲਿਆ ਕਿ ਅਬਰਾਹਾਮ ਨੇ ਇਹ ਜਿੱਤ ਇੱਕ ਸੂਰਬੀਰ ਵਰਗੀ ਦਿਲੇਰੀ ਸਦਕਾ ਪ੍ਰਾਪਤ ਨਹੀਂ

ਕੀਤੀ ਹੈ, ਸਗੋਂ ਇਸ ਕਰਕੇ ਕਿ ਉਸ ਨੇ ਅਤੇ ਉਸ ਦੇ ਸਾਥੀਆਂ ਨੇ ਇਨ੍ਹਾਂ ਬੰਦੀਆਂ ਨੂੰ ਛੁਡਾਉਣ ਲਈ ਅਤੇ ਉਨ੍ਹਾਂ ਦੀ ਸੰਪਤੀ ਨੂੰ ਮੋੜ ਲਿਆਉਣ ਲਈ ਪਰਮੇਸ਼ੁਰ ਦੇ ਸੇਵਕਾਂ ਵਜੋਂ ਕੰਮ ਕੀਤਾ ਸੀ। ਇਸ ਕਰਕੇ ਰਾਜਾ ਨੇ ਜ਼ੋਰ ਦਿੱਤਾ ਕਿ ਇਹ **ਅੱਤ ਮਹਾਂ ਪਰਮੇਸ਼ੁਰ** ਹੀ ਸੀ ਜਿਸ ਨੇ [ਅਬਰਾਹਾਮ ਦੇ] **ਵੈਰੀਆਂ ਨੂੰ** [ਉਸ ਦੇ] **ਵੱਸ ਵਿੱਚ ਕਰ ਦਿੱਤਾ**।[23] "ਵੈਰੀਆਂ" (ਟ੍ਰ, *ਤਸਾਰ*) ਸ਼ਬਦ ਦਾ ਅਨੁਵਾਦ "ਅੱਤਿਆਚਾਰੀ" ਵੀ ਕੀਤਾ ਦਾ ਸਕਦਾ ਹੈ ਕਿਉਂਕਿ ਇਹ ਲੁੱਟਮਾਰ ਕਰਨ ਵਾਲੀ ਫੌਜ ਦੇ ਹੱਥਾਂ ਵਿੱਚ ਪਏ ਬੰਦੀਆਂ ਦੀ ਚਿੰਤਾ ਅਤੇ ਭੈਅ ਨੂੰ ਦਰਸਾਉਂਦਾ ਹੈ (ਯਿਰਮਿਯਾਹ 6:24)।[24]

ਪਰਮੇਸ਼ੁਰ ਦੁਆਰਾ ਪੂਰਬ ਦੇ ਰਾਜਿਆਂ ਨੂੰ ਅਬਰਾਹਾਮ ਦੇ ਵੱਸ ਵਿੱਚ ਕਰ ਦਿੱਤੇ ਜਾਣ ਕਰਕੇ ਅਤੇ ਮਲਕਿ-ਸਿਦਕ ਦੁਆਰਾ ਉਸ ਨੂੰ ਅਸੀਸ ਦਿੱਤੇ ਜਾਣ ਕਰਕੇ ਅਬਰਾਹਾਮ ਨੇ ਇਸ ਰਾਜਾ/ਜਾਜਕ ਨੂੰ **ਸਭ ਕਾਸੇ ਦਾ ਦਸਵੰਧ ਦਿੱਤਾ**। ਦਸਵੰਧ ਜਾਂ 10 ਪ੍ਰਤੀਸ਼ਤ ਦੇਣਾ ਇੱਕ ਅਜਿਹੀ ਪਰੰਪਰਾ ਹੈ ਜਿਸ ਦਾ ਪੁਰਾਤਨ ਮੱਧ ਪੂਰਬ ਵਿੱਚ ਇਤਹਾਸ ਬਹੁਤ ਪੁਰਾਣਾ ਹੈ। ਆਪਣੇ ਮੰਦਰਾਂ ਦੇ ਜਾਜਕਾਂ ਦੀ ਮਦਦ ਕਰਨ ਲਈ ਅਤੇ ਰਾਜਿਆਂ ਦੇ ਮਹਿਲਾਂ ਵਿੱਚ ਲੋਕ ਦਸਵੰਧ ਦਿਆ ਕਰਦੇ ਸਨ।[25] ਮਲਕਿ-ਸਿਦਕ ਦੋਹਾਂ ਤਰ੍ਹਾਂ ਦੀ ਦਸਵੰਧ ਪ੍ਰਾਪਤ ਕਰਨ ਦੇ ਜੋਗ ਸੀ, ਪਰ ਇਹ ਬਹੁਤ ਜ਼ਿਆਦਾ ਸੰਦੇਹ ਭਰਿਆ ਜਾਪਦਾ ਹੈ ਕਿ ਜੇਕਰ ਉਹ ਸ਼ਾਲੇਮ ਦਾ ਕੋਈ ਮੂਰਤੀ ਪੂਜਕ ਜਾਜਕ ਹੁੰਦਾ ਤਾਂ ਅਬਰਾਹਾਮ ਉਸ ਨੂੰ ਦਸਵੰਧ ਦਿੰਦਾ। ਅਬਰਾਹਾਮ ਨੇ ਜਾਨ ਬਚਾ ਕੇ ਭੱਜਦਿਆਂ ਰਾਜਿਆਂ ਕੋਲੋਂ ਲੁੱਟੀ ਸਾਰੀ ਸਮੱਗਰੀ ਦਾ ਦਸਵੰਧ ਉਸ ਨੂੰ ਨਿਸ਼ਚਿਤ ਤੌਰ ਇਸ ਕਰਕੇ ਦਿੱਤਾ ਕਿਉਂਕਿ ਉਹ ਉਸੇ ਪਰਮੇਸ਼ੁਰ ਦਾ ਜਾਜਕ ਸੀ ਜਿਸ ਦੀ ਅਰਾਧਨਾ ਉਹ ਆਪ ਕਰਦਾ ਸੀ। ਅਜਿਹਾ ਕਰਕੇ ਉਸ ਨੇ ਆਪਣੀ ਅੰਸ – ਯਾਕੂਬ (28:22) ਅਤੇ ਇਸਰਾਏਲੀਆਂ – ਦੇ ਲਈ ਇੱਕ ਮਿਸਾਲ ਕਾਇਮ ਕੀਤੀ, ਕਿ ਉਹ ਪਰਮੇਸ਼ੁਰ ਦੀ ਸੇਵਾ ਕਰਨ ਵਾਲੇ ਲੋਕਾਂ ਦੇ ਲਈ ਅਸੀਸ ਬਣਨ (ਲੇਵੀਆਂ 27:30-33; ਗਿਣਤੀ 18:21-32)।

**ਆਇਤ 21.** ਇੱਥੇ ਆਣ ਕੇ ਵਾਰਤਾ ਵਾਪਿਸ **ਸਦੂਮ ਦੇ ਰਾਜਾ** ਵੱਲ ਮੁੜਦੀ ਹੈ, ਜਿਸ ਦਾ ਅਬਰਾਹਾਮ ਦੇ ਪ੍ਰਤੀ ਰਵੱਈਆ ਮਲਕਿ-ਸਿਦਕ ਦੇ ਰਵੱਈਏ ਦੇ ਬਿਲਕੁਲ ਉਲਟ ਸੀ। ਸਦੂਮ ਦੇ ਰਾਜਾ ਨੇ ਅਬਰਾਹਾਮ ਨਾਲ ਇੱਕ ਮੰਗ ਭਰੇ ਸੁਰ ਵਿੱਚ ਗੱਲ ਕੀਤੀ, ਜੋ ਦਰਸਾਉਂਦਾ ਹੈ ਕਿ ਉਸ ਦੇ ਮਨ ਵਿੱਚ ਉਸ ਦੇ ਪ੍ਰਤੀ ਈਰਖਾ ਸੀ, ਜਦਕਿ ਸ਼ਾਲੇਮ ਦੇ ਰਾਜਾ ਨੇ ਆਪਣੀ ਉਦਾਰਤਾ ਦਰਸਾਉਂਦਿਆਂ ਅਬਰਾਹਾਮ ਦੇ ਸਤਿਕਾਰ ਵਿੱਚ ਉਸ ਦੇ ਲਈ ਰੋਟੀ ਅਤੇ ਮੱਧ ਲਿਆਂਦੀ ਅਤੇ ਉਸ ਨੂੰ ਅਸੀਸ ਵੀ ਦਿੱਤੀ। ਇਸ ਤੋਂ ਇਲਾਵਾ ਸਦੂਮ ਦੇ ਰਾਜਾ ਦੀ ਮੰਗ ਸੁਝਾਉ ਦਿੰਦੀ ਹੈ ਕਿ ਉਸ ਦੇ ਮਨ ਵਿੱਚ ਨਾ ਤਾਂ ਕੋਈ ਨਿਮਰਤਾ ਸੀ ਅਤੇ ਨਾ ਹੀ ਸ਼ੁਕਰਗੁਜ਼ਾਰੀ ਸੀ। ਇਬਰਾਨੀ ਵਿੱਚ ਸਿਰਫ ਛੇ ਸ਼ਬਦਾਂ ਵਿੱਚ ਆਖੀ ਗਈ ਉਸ ਦੀ ਗੱਲ ਦਾ ਅਰਥ ਇਹ ਹੈ, **ਇਨ੍ਹਾਂ ਜੀਵਾਂ ਨੂੰ ਮੈਨੂੰ ਦਿਹ ਪਰ ਮਾਲ ਧਨ ਆਪ ਰੱਖ ਲੈ।** ਅਬਰਾਹਾਮ, ਜੋ ਕਿ ਜੇਤੂ ਹੋਇਆ ਸੀ, ਦੇ ਕੋਲ ਇਹ ਇਖਤਿਆਰ ਸੀ ਕਿ ਉਹ ਯੁੱਧ ਦੀ ਲੁੱਟ ਸਮੱਗਰੀ ਦੀ ਵੰਡ ਨੂੰ ਜਿਵੇਂ ਚਾਹੇ ਉਵੇਂ ਕਰੇ। ਸ਼ਾਇਦ ਸਦੂਮ ਦਾ ਰਾਜਾ ਇਸ ਗੱਲੋਂ ਡਰ ਰਿਹਾ ਸੀ ਕਿ ਕਿਤੇ ਅਬਰਾਹਾਮ ਲੋਕਾਂ ਨੂੰ ਅਤੇ ਉਨ੍ਹਾਂ ਦੇ ਮਾਲ ਧਨ ਨੂੰ ਆਪਣੇ ਕੋਲ ਨਾ ਰੱਖ ਲਵੇ।

**ਆਇਤਾਂ 22, 23.** ਅਬਰਾਹਾਮ ਵੱਲੋਂ ਇਸ ਸ਼ਰਮਿੰਦੇ ਅਤੇ ਹਾਰੇ ਹੋਏ ਰਾਜਾ ਨੂੰ ਦਿੱਤਾ ਗਿਆ ਜਵਾਬ ਦਰਸਾਉਂਦਾ ਹੈ ਕਿ ਉਸ ਨੇ ਇਹ ਫੌਜੀ ਮੁਹਿੰਮ ਆਪਣੇ ਆਪ ਨੂੰ ਧਨਵਾਨ ਬਣਾਉਣ ਲਈ ਨਹੀਂ ਕੀਤੀ ਸੀ। ਸਗੋਂ ਇਸ ਦੇ ਉਲਟ ਉਸ ਨੇ ਤਾਂ ਪਹਿਲਾਂ ਹੀ **ਯਹੋਵਾਹ ਅੱਤ ਮਹਾਂ ਪਰਮੇਸ਼ੁਰ ਅਕਾਸ਼ ਅਰ ਧਰਤੀ ਦੇ ਮਾਲਕ ਦੇ ਅੱਗੇ ਪਰਨ ਕੀਤਾ** ਸੀ[26] ਕਿ ਉਹ ਯੁੱਧ ਦੀ ਲੁੱਟ ਸਮੱਗਰੀ ਵਿੱਚੋਂ ਨਿੱਕੀ ਤੋਂ ਨਿੱਕੀ ਵਸਤੂ ਵੀ ਨਹੀਂ ਲਵੇਗਾ ਜਿਵੇਂ ਕਿ **ਧਾਗੇ ਤੋਂ ਲੈਕੇ ਜੁੱਤੀ ਦੇ ਸੱਲੂ ਤੀਕ**। ਇਸ ਸੌਂਹ ਦੇ ਰਾਹੀਂ ਅਬਰਾਹਾਮ ਦਾ ਭਰੋਸਾ ਪਰਮੇਸ਼ੁਰ ਵਿੱਚ ਸੀ ਕਿ ਉਹੀ ਉਸ ਨੂੰ

ਅਸੀਸ ਦੇ ਸਕਦਾ ਹੈ। ਯੁੱਧ ਵਿੱਚ ਉਸ ਨੇ ਅਤੇ ਉਸ ਦੇ ਸਾਥੀਆਂ ਨੇ ਜਿਹੜੀ ਸਫਲਤਾ ਪ੍ਰਾਪਤ ਕੀਤੀ ਸੀ, ਉਸ ਦੇ ਲਈ ਉਹ ਕਿਸੇ ਵੀ ਦੁਨਿਆਵੀ ਰਾਜੇ ਦੇ ਕਰਜ਼ ਹੇਠ ਨਹੀਂ ਆਉਣਾ ਚਾਹੁੰਦਾ ਸੀ। ਪਰਤੱਖ ਤੌਰ ’ਤੇ ਅਬਰਾਹਾਮ ਸਦੂਮ ਦੇ ਰਾਜਾ ਦੇ ਚਰਿੱਤਰ ਬਾਰੇ ਕੁਝ ਨਾ ਕੁਝ ਜਾਣ ਗਿਆ ਸੀ। ਇਸ ਲਈ ਉਸ ਦੁਆਰਾ ਇਹ ਦਾਅਵਾ ਕਿ ਉਸ ਨੇ **ਅਬਰਾਮ ਨੂੰ ਧਨੀ ਬਣਾ ਦਿੱਤਾ ਹੈ** ਕਰਨ ਦੀ ਕਿਸੇ ਵੀ ਸੰਭਾਵਨਾ ਨੂੰ ਖਾਰਿਜ ਕਰਨ ਲਈ ਅਬਰਾਹਾਮ ਨੇ ਲੁੱਟ ਸਮੱਗਰੀ ਵਿੱਚੋਂ ਕੁਝ ਵੀ ਆਪਣੇ ਕੋਲ ਰੱਖਣ ਤੋਂ ਇਨਕਾਰ ਕਰ ਦਿੱਤਾ।

**ਆਇਤ 24.** ਯੁੱਧ ਦੀ ਲੁੱਟ ਸਮੱਗਰੀ ਨੂੰ ਠੁਕਰਾਉਣ ਦੇ ਆਪਣੇ ਨਿੱਜੀ ਨਤੀਜੇ ਨੂੰ ਅਬਰਾਹਾਮ ਨੇ ਆਪਣੇ ਕਿਸੇ ਵੀ ਸਾਥੀ ਉੱਤੇ ਨਹੀਂ ਥੋਪਿਆ। ਯੁੱਧ ਲੜਨ ਗਏ **ਗਭਰੂਆਂ ਨੇ** ਆਪਣੀ ਸਰੀਰਕ ਤਾਕਤ ਬਣਾਏ ਰੱਖਣ ਲਈ ਕੁਝ ਭੋਜਨ **ਖਾ ਲਿਆ** ਸੀ। ਨਾ ਹੀ ਅਬਰਾਹਾਮ ਇਹ ਉਮੀਦ ਕਰ ਰਿਹਾ ਸੀ ਕਿ **ਆਨੇਰ ਅਰ ਅਸ਼ਕੋਲ ਅਰ ਮਮਰੇ** ਵੀ ਆਪਣੀ ਜਾਨ ਖਤਰੇ ਵਿੱਚ ਪਾ ਕੇ ਯੁੱਧ ਵਿੱਚੋਂ ਲੁੱਟ ਕੇ ਲਿਆਈ ਗਈ ਸਮੱਗਰੀ ਵਿੱਚੋਂ ਆਪਣਾ **ਹਿੱਸਾ** ਛੱਡ ਦੇਣ। ਇਸ ਕਰਕੇ ਉਸ ਦਾ ਫੈਸਲਾ ਇਹ ਸੀ ਕਿ ਭਾਵੇਂ ਸਦੂਮ ਦਾ ਰਾਜਾ ਰਾਜੀ ਹੋਵੇ ਜਾਂ ਨਾ ਹੋਵੇ ਤਾਂ ਵੀ ਉਹ ਆਪਣਾ ਹਿੱਸਾ **ਲੈ ਲੈਣ**।

# ਪ੍ਰਾਸੰਗਿਕਤਾ

### ਅਬਰਾਹਾਮ ਇੱਕ "ਅਸੀਸ" ਵਜੋਂ (13:5–7; 14:1–24)

12:2 ਵਿੱਚ ਪਰਮੇਸ਼ੁਰ ਵੱਲੋਂ ਅਬਰਾਹਾਮ ਨੂੰ ਦਿੱਤੇ ਗਏ ਵਾਇਦੇ ਵਿੱਚ ਇੱਕ ਹੁਕਮ ਵੀ ਸੀ: "ਤੂੰ ਬਰਕਤ ਦਾ ਕਾਰਨ ਹੋ।" ਅਧਿਆਇ 13 ਅਤੇ 14 ਵਿੱਚ ਉਸ ਨੇ ਇਸ ਹੁਕਮ ਦੀ ਪੂਰਤੀ ਅਰੰਭ ਕੀਤੀ।

*ਅਬਰਾਹਾਮ ਲੂਤ ਦੇ ਲਈ ਇੱਕ ਬਰਕਤ ਸੀ।* ਉਤਪਤ 12:1-3 ਵਿੱਚ ਪਰਮੇਸ਼ੁਰ ਨੇ ਵਾਇਦਾ ਕੀਤਾ ਸੀ ਕਿ ਉਹ ਅਬਰਾਹਾਮ ਨੂੰ ਵੱਖ-ਵੱਖ ਤਰ੍ਹਾਂ ਨਾਲ ਅਸੀਸ ਦੇਵੇਗਾ। ਇਨ੍ਹਾਂ ਆਇਤਾਂ ਦੇ ਵਿਚਾਲੇ ਪਰਮੇਸ਼ੁਰ ਨੇ ਉਸ ਨੂੰ ਹੁਕਮ ਦਿੱਤਾ ਕਿ ਉਹ ਦੂਜਿਆਂ ਦੇ ਲਈ "ਬਰਕਤ ਦਾ ਕਾਰਨ" ਹੋਵੇ। ਪਰ ਜਿਵੇਂ ਕਿ ਅਸੀਂ ਅਧਿਆਇ 12 ਦੇ ਆਖਰੀ ਹਿੱਸੇ ਵਿੱਚ ਵੇਖਿਆ ਕਿ ਬਰਕਤ ਦਾ ਕਾਰਣ ਹੋਣ ਦੀ ਬਜਾਇ ਅਬਰਾਹਾਮ ਮਿਸਰ ਵਿੱਚ ਫਿਰਾਊਨ ਦੇ ਘਰਾਣੇ ਉੱਤੇ ਸਰਾਪ (ਬਵਾਂ) ਲੈ ਆਇਆ, ਇਸ ਦਾ ਕਾਰਣ ਇਹ ਸੀ ਕਿ ਉਸ ਨੇ ਸਾਰਾਹ ਬਾਰੇ ਝੂਠ ਬੋਲਿਆ ਸੀ ਕਿ ਉਹ ਉਸ ਦੀ ਪਤਨੀ ਨਹੀਂ ਸਗੋਂ ਉਸ ਦੀ ਭੈਣ ਹੈ (12:13, 17)। ਪਰਤੱਖ ਤੌਰ ’ਤੇ ਅਬਰਾਹਾਮ ਨੇ ਉਸ ਘਟਨਾ ਤੋਂ ਇੱਕ ਪਾਠ ਸਿੱਖ ਲਿਆ ਸੀ। ਜਦ ਉਹ ਅਤੇ ਉਸ ਦਾ ਜੱਥਾ ਕਨਾਨ ਪੁੱਜੇ ਅਤੇ ਉਸ ਦੇ ਅਤੇ ਲੂਤ ਦੇ ਆਜੜੀਆਂ ਵਿਚਕਾਰ ਫਸਾਦ ਹੋਇਆ ਤਾਂ ਉਸ ਨੇ ਆਪਣੇ ਭਤੀਜੇ ਨੂੰ ਦੇਸ ਦਾ ਉਹ ਹਿੱਸਾ ਚੁਣਨ ਦੀ ਪਹਿਲ ਕਰਨ ਦਿੱਤੀ ਜਿੱਥੇ ਉਹ ਵੱਸਣਾ ਚਾਹੁੰਦਾ ਸੀ। ਅਜਿਹਾ ਕਰਕੇ ਅਬਰਾਹਾਮ ਬਰਕਤ ਦਾ ਕਾਰਣ ਬਣ ਰਿਹਾ ਸੀ ਕਿਉਂਕਿ ਲੂਤ ਦਾ ਚਾਚਾ ਹੋਣ ਦੇ ਨਾਤੇ ਉਸ ਨੂੰ ਪਹਿਲੀ ਚੋਣ ਆਪ ਕਰਨ ਦਾ ਅਤੇ ਲੂਤ ਨੂੰ ਉਸ ਤੋਂ ਉਲਟ ਦਿਸ਼ਾ ਵਿੱਚ ਘੱਲਣ ਦਾ ਪੂਰਾ ਇਖਤਿਆਰ ਸੀ। ਮਿਸਰ ਵਿੱਚੋਂ ਮਿਲੇ ਮਾਲ ਧਨ ਨੂੰ ਲੂਤ ਨਾਲ ਵੰਡ ਕੇ ਵੀ ਅਬਰਾਹਾਮ ਲੂਤ ਦੇ ਲਈ ਬਰਕਤ ਦਾ ਕਾਰਣ ਹੋਇਆ ਹੋਵੇਗਾ (ਵੇਖੋ 13:5, 6)।

ਨਵੇਂ ਨੇਮ ਦੇ ਅਨੁਸਾਰ ਪਰਮੇਸ਼ੁਰ ਅਜੇ ਵੀ ਚਾਹੁੰਦਾ ਹੈ ਕਿ ਉਸ ਦੀ ਪਰਜਾ ਦੂਜਿਆਂ ਦੇ ਲਈ ਬਰਕਤ ਦਾ ਕਾਰਣ ਬਣੇ। ਨਿਸ਼ਚਿਤ ਤੌਰ ’ਤੇ ਉਹ ਨਹੀਂ ਚਾਹੁੰਦਾ ਕਿ ਮਸੀਹੀ ਲੋਕ "ਬੁਰਿਆਈ ਕਰਨ ਤਾਂ ਜੋ ਭਲਿਆਈ ਨਿਕਲੇ" (ਰੋਮੀਆਂ 3:8); ਅਜਿਹੇ ਕੰਮਾਂ ਦੇ ਕਾਰਣ ਲੋਕ

ਪਰਮੇਸ਼ੁਰ ਦੀ ਵਡਿਆਈ ਕਰਨ ਦੀ ਬਜਾਇ ਉਸ ਦੀ ਨਿੰਦਿਆ ਕਰਦੇ ਹਨ (ਰੋਮੀਆਂ 2:24; 2 ਪਤਰਸ 2:2)। ਪਹਾੜੀ ਉਪਦੇਸ਼ ਵਿੱਚ ਯਿਸੂ (ਹਾਲਾਂਕਿ ਉਸ ਨੇ ਇਹੋ ਜਿਹੇ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ) ਨੇ ਆਪਣੇ ਚੇਲਿਆਂ ਨੂੰ ਸਿਖਾਇਆ ਕਿ ਉਹ ਆਪਣੇ ਚੁਫੇਰੇ ਦੇ ਲੋਕਾਂ ਦੇ ਲਈ ਬਰਕਤ ਦਾ ਕਾਰਣ ਹੋਣ। ਉਸ ਨੇ ਆਖਿਆ, "ਇਸੇ ਤਰ੍ਹਾਂ ਤੁਹਾਡਾ ਚਾਨਣ ਮਨੁੱਖਾਂ ਦੇ ਸਾਹਮਣੇ ਚਮਕੇ ਤਾਂ ਜੋ ਓਹ ਤੁਹਾਡੇ ਸ਼ੁਭ ਕਰਮ ਵੇਖ ਕੇ ਤੁਹਾਡੇ ਪਿਤਾ ਦੀ ਜਿਹੜਾ ਸੁਰਗ ਵਿੱਚ ਹੈ ਵਡਿਆਈ ਕਰਨ" (ਮੱਤੀ 5:16)। ਪਤਰਸ ਨੇ ਇਸ ਸਚਿਆਈ ਉੱਤੇ ਵਧੇਰੇ ਚਾਨਣ ਪਾਉਂਦਿਆਂ ਮਸੀਹੀ ਲੋਕਾਂ ਨੂੰ ਆਖਿਆ, "ਬੁਰਿਆਈ ਦੇ ਬਦਲੇ ਬੁਰਿਆਈ ਨਾ ਕਰੋ ਅਤੇ ਗਾਲ ਦੇ ਬਦਲੇ ਗਾਲ ਨਾ ਕੱਢੋ ਸਗੋਂ ਉਲਟੇ ਅਸੀਸ ਦਿਓ"; ਅਤੇ ਉਸ ਨੇ ਇਹ ਵੀ ਆਖਿਆ, "ਤੁਸੀਂ ਇਸੇ ਦੇ ਲਈ ਸੱਦੇ ਗਏ": ਕਿ "ਅਸੀਸ ਦੇ ਅਧਕਾਰੀ ਹੋਵੋ" (1 ਪਤਰਸ 3:9)। ਉਸ ਨੇ ਸਪੱਸ਼ਟ ਕੀਤਾ ਕਿ "ਅਸੀਸ ਦੇਣ" ਦਾ ਅਰਥ ਸਿਰਫ ਇਹ ਆਖਣਾ ਨਹੀਂ ਹੈ, "ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ"; ਇਸ ਵਿੱਚ ਕੁਝ ਕਰਨਾ ਵੀ ਸ਼ਾਮਲ ਹੈ। ਇਸ ਰਸੂਲ ਨੇ ਆਪਣੇ ਪਾਠਕਾਂ ਨੂੰ ਤਾਗੀਦ ਕੀਤੀ ਕਿ ਉਹ "ਬਦੀ ਤੋਂ ਹਟ ਜਾਣ ਅਤੇ ਨੇਕੀ ਕਰਨ, ਮਿਲਾਪ ਨੂੰ ਲੱਭਣ ਅਤੇ ਉਹ ਦਾ ਪਿੱਛਾ ਕਰਨ" (1 ਪਤਰਸ 3:11)।

*ਅਬਰਾਹਾਮ ਤਿੰਨ ਅਮੋਰੀ ਭਰਾਵਾਂ ਦੇ ਲਈ ਇੱਕ ਬਰਕਤ ਸੀ।* ਜਦ ਚਾਰ ਪੂਰਬੀ ਰਾਜਿਆਂ ਦੀਆਂ ਫੌਜਾਂ ਨੇ ਖਾਰੇ ਸਾਗਰ ਦੇ ਉੱਤਰ, ਪੂਰਬ, ਦੱਖਣ ਅਤੇ ਪੱਛਮ ਦਿਆਂ ਨਗਰਾਂ ਉੱਤੇ ਹਮਲਾ ਕਰਕੇ ਉਨ੍ਹਾਂ ਨੂੰ ਤਬਾਹ ਕੀਤਾ, ਤਾਂ ਜੋ ਉਨ੍ਹਾਂ ਪੰਜ ਰਾਜਿਆਂ ਨੂੰ ਕੋਈ ਸਹਿਯੋਗੀ ਨਾ ਮਿਲ ਸਕੇ ਜਿਨ੍ਹਾਂ ਨੇ ਉਨ੍ਹਾਂ ਵਿਰੁੱਧ ਵਿਦਰੋਹ ਕੀਤਾ ਸੀ, ਤਾਂ ਇਸ ਦੇ ਕਾਰਣ ਅਬਰਾਹਾਮ ਅਤੇ ਉਸ ਇਲਾਕੇ ਵਿੱਚ ਰਹਿਣ ਵਾਲੇ ਅਮੋਰੀ ਬਹੁਤ ਵੱਡੇ ਖਤਰੇ ਵਿੱਚ ਆ ਗਏ ਸਨ। ਪੰਜ ਰਾਜਿਆਂ ਉੱਤੇ ਚਾਰ ਰਾਜਿਆਂ ਦੁਆਰਾ ਹਮਲਾ ਕਰਨ ਤੋਂ ਬਹੁਤ ਪਹਿਲਾਂ ਹੀ ਅਬਰਾਹਾਮ ਨੇ ਤਿੰਨ ਅਮੋਰੀ ਭਰਾਵਾਂ, ਆਨੇਰ ਅਰ ਅਸ਼ਕੋਲ ਅਰ ਮਮਰੇ, ਨਾਲ ਰੱਖਿਆਤਮਕ ਗਠਬੰਧਨ (ਨੇਮ) ਕਰ ਲਿਆ ਸੀ (14:13)।

ਅਸੀਂ ਇਹ ਨਹੀਂ ਜਾਣਦੇ ਕਿ ਅਮੋਰੀ ਸਮਾਜ ਦੀ ਅਬਾਦੀ ਕਿੰਨੀ ਸੀ ਜਾਂ ਉਨ੍ਹਾਂ ਦੇ ਕੋਲ ਕਿੰਨੇ ਜੋਧੇ ਸਨ; ਪਰ ਅਬਰਾਹਾਮ ਦੇ ਕੋਲ 318 ਜੋਧਿਆਂ ਵਾਲੀ ਇੱਕ ਵੱਡੀ ਨਿੱਜੀ ਫੌਜ ਸੀ ਅਤੇ ਅਮੋਰੀ ਉਨ੍ਹਾਂ ਨੂੰ ਆਪਣੇ ਵੱਲ ਚਾਹੁੰਦੇ ਸਨ, ਤਾਂ ਜੋ ਹਮਲਾਵਰ ਲੁਟੇਰਿਆਂ ਤੋਂ ਉਨ੍ਹਾਂ ਨੂੰ ਕੋਈ ਖਤਰਾ ਨਾ ਹੋ ਸਕੇ। ਇਸ ਤੋਂ ਇਲਾਵਾ ਅਬਰਾਹਾਮ ਨੇ ਤਿੰਨ ਅਮੋਰੀ ਭਰਾਵਾਂ ਨੂੰ ਇਹ ਵੀ ਦੱਸਿਆ ਹੋਵੇਗਾ ਕਿ ਕਿਵੇਂ ਇੱਕਮਾਤਰ ਸੱਚੇ ਪਰਮੇਸ਼ੁਰ ਨੇ ਉਸ ਨੂੰ ਸੱਦਾ ਦਿੱਤਾ ਹੈ। ਸ਼ਾਇਦ ਉਨ੍ਹਾਂ ਨੇ ਇਹ ਸਮਝਿਆ ਹੋਵੇਗਾ ਕਿ ਯਹੋਵਾਹ ਨੇ ਉਸ ਨੂੰ ਬਹੁਤ ਸਾਰੇ ਮਾਲ ਧਨ ਦੀ ਬਰਕਤ ਦਿੱਤੀ ਹੈ।

ਚਾਰ ਪੂਰਬੀ ਰਾਜਿਆਂ ਉੱਤੇ ਜਿੱਤ ਹਾਸਿਲ ਕਰਨ ਤੋਂ ਬਾਅਦ ਅਬਰਾਹਾਮ ਨੇ ਇਨ੍ਹਾਂ ਪਰਾਈਆਂ ਕੌਮਾਂ ਅੱਗੇ ਗਵਾਹੀ ਪੇਸ਼ ਕੀਤੀ ਕਿ ਉਹ ਇਸ ਦੇ ਯੋਗ ਨਹੀਂ ਹੈ ਕਿ ਇਸ ਯੁੱਧ ਵਿੱਚ ਜਿੱਤ ਦਾ ਜਾਂ ਲੋਕਾਂ ਨੂੰ ਅਤੇ ਉਨ੍ਹਾਂ ਦੇ ਮਾਲ ਧਨ ਨੂੰ ਵਾਪਿਸ ਲਿਆਉਣ ਦਾ ਸਿਹਰਾ ਉਸ ਦੇ ਸਿਰ ਬੰਨ੍ਹਿਆਂ ਜਾਵੇ। ਜਦ ਅਬਰਾਹਾਮ ਨੇ ਪਰਮੇਸ਼ੁਰ ਦੀ ਵਡਿਆਈ ਕਰਦਿਆਂ ਆਖਿਆ, "ਯਹੋਵਾਹ [ਯਾਹਵੇਹ] ਅੱਤ ਮਹਾਂ ਪਰਮੇਸ਼ੁਰ ਅਕਾਸ਼ ਅਰ ਧਰਤੀ ਦੇ ਮਾਲਕ [ਅਰਥਾਤ ਸਿਰਜਣਹਾਰ]" (14:22), ਤਾਂ ਉਹ ਇਨ੍ਹਾਂ "ਜਾਤੀਆਂ" (גּוֹיִם, *ਗੋਈਮ,* ਪਰਾਈਆਂ ਕੌਮਾਂ; ਯਸਾਯਾਹ 49:6) ਦੇ ਲਈ "ਚਾਨਣ" ਬਣ ਰਿਹਾ ਸੀ।

ਅਬਰਾਹਾਮ ਨੇ ਪਰਾਈਆਂ ਕੌਮਾਂ ਦੇ ਲਈ ਬਰਕਤ ਦਾ ਕਾਰਣ ਹੋਣਾ ਅਰੰਭ ਕਰ ਦਿੱਤਾ ਸੀ; ਅਤੇ ਉਸ ਦੀ ਅੰਸ, ਇਸਰਾਏਲੀਆਂ, ਨੂੰ ਅਜਿਹਾ ਕਰਨਾ ਜਾਰੀ ਰੱਖਣਾ ਸੀ। ਲੰਮੇ ਸਮੇਂ

ਬਾਅਦ ਸੀਨਈ ਪਹਾੜ ਉੱਤੇ ਪਰਮੇਸ਼ੁਰ ਨੇ ਆਪਣੀ ਪਰਜਾ ਨੂੰ ਆਖਿਆ ਕਿ ਉਹ "ਜਾਜਕਾਂ ਦੀ ਬਾਦਸ਼ਾਹੀ ਅਤੇ ਇੱਕ ਪਵਿੱਤਰ ਕੌਮ" (ਕੂਚ 19:6) ਹੋਣ। ਇਸਰਾਏਲ ਦਾ ਨਿਸਤਾਰਾ ਆਪਣੇ ਆਪ ਵਿੱਚ ਅੰਤ ਨਹੀਂ ਸੀ। ਜਾਜਕੀ ਬਾਦਸ਼ਾਹੀ ਹੁੰਦਿਆਂ ਪਰਮੇਸ਼ੁਰ ਦੀ ਚੁਣੀ ਹੋਈ ਕੌਮ ਨੂੰ ਇਸ ਕਰਕੇ ਬਚਾਇਆ ਗਿਆ ਸੀ ਕਿ ਉਹ ਬਰਕਤ ਦਾ ਕਾਰਣ ਹੋਵੇ ਅਤੇ ਇਸ ਸਚਿਆਈ ਨੂੰ ਸਭਨਾਂ ਸਾਹਮਣੇ ਪੇਸ਼ ਕਰੇ ਕਿ ਪਰਮੇਸ਼ੁਰ ਕੌਣ ਹੈ ਅਤੇ ਸਭਨਾਂ ਲੋਕਾਂ ਨੂੰ ਬਚਾਉਣ ਲਈ ਉਹ ਕੀ ਕਰੇਗਾ। ਉਨ੍ਹਾਂ ਨੇ ਪਰਾਈਆਂ ਕੌਮਾਂ ਨੂੰ ਉਤਸ਼ਾਹਿਤ ਕਰਨਾ ਸੀ ਕਿ ਉਹ ਝੂਠੇ ਦਿਓਤਿਆਂ ਨੂੰ ਤਿਆਗ ਦੇਣ ਅਤੇ ਯਹੋਵਾਹ ਦੀ ਸੇਵਾ ਕਰਨ।

ਕੁਝ ਪਰਾਈਆਂ ਕੌਮਾਂ ਨੇ ਇਸ ਸੰਦੇਸ਼ ਨੂੰ ਸਮਝ ਲਿਆ ਅਤੇ ਇੱਕਮਾਤਰ ਸੱਚੇ ਪਰਮੇਸ਼ੁਰ ਵੱਲ ਮੁੜ ਗਏ। ਮਿਦਯਾਨੀ ਪੁਜਾਰੀ ਯਿਥਰੋ (ਕੂਚ 18:1-12) ਅਤੇ ਰਾਹਾਬ ਬੇਸਵਾ (ਯਹੋਸ਼ੁਆ 2:9-14; 6:22-25) ਨੇ ਯਹੋਵਾਹ ਵਿੱਚ ਆਪਣੇ ਵਿਸ਼ਵਾਸ ਦਾ ਇਕਰਾਰ ਕੀਤਾ। ਮੋਆਬਣ ਰੂਥ ਨੇ ਯਹੋਵਾਹ ਵਿੱਚ ਆਪਣੀ ਨਿਹਚਾ ਦਾ ਇਕਰਾਰ ਕਰਦਿਆਂ ਆਖਿਆ ਕਿ ਹੁਣ ਤੋਂ ਉਹ ਉਸ ਦਾ ਪਰਮੇਸ਼ੁਰ ਹੋਵੇਗਾ (ਰੂਥ 1:16, 17)। ਦਾਊਦ ਦੇ ਕੁਝ ਸੂਰਬੀਰ ਪਰਾਈਆਂ ਕੌਮਾਂ ਵਿੱਚੋਂ ਅਰਥਾਤ ਗੈਰਯਹੂਦੀ ਸਨ, ਜਿਵੇਂ ਕਿ ਹਿੱਤੀ ਉੱਰਿਯਾਹ (2 ਸਮੂਏਲ 23:36-39; 1 ਇਤਹਾਸ 11:39-46)। ਜਦ ਅਜਿਹਾ ਪਰਤੀਤ ਹੋ ਰਿਹਾ ਸੀ ਕਿ ਸਾਰਾ ਰਾਜ ਅਤੇ ਰਾਜਗੱਦੀ ਅਬਸ਼ਾਲੋਮ ਦੇ ਹੱਥ ਵਿੱਚ ਚਲਿਆ ਜਾਵੇਗਾ, ਤਾਂ ਗਿੱਤੀ ਇੱਤਈ ਨੇ ਵਿਸ਼ਵਾਸ ਰੱਖਿਆ ਕਿ ਦਾਊਦ ਅਜੇ ਵੀ ਪਰਮੇਸ਼ੁਰ ਦਾ ਚੁਣਿਆ ਹੋਇਆ ਜਨ ਸੀ ਅਤੇ ਉਸ ਨੇ ਦਾਊਦ ਵਿੱਚ ਅਤੇ ਯਹੋਵਾਹ ਵਿੱਚ ਆਪਣੀ ਨਿਹਚਾ ਦਾ ਇਕਰਾਰ ਕੀਤਾ (2 ਸਮੂਏਲ 15:21)। ਦਾਊਦ ਨੇ ਫਲਿਸਤੀ ਸੈਨਾਪਤੀ ਨੂੰ ਆਪਣੀ ਇੱਕ ਤਿਹਾਈ ਸੈਨਾ ਉੱਤੇ ਫੌਜਦਾਰ ਨਿਯੁਕਤ ਕੀਤਾ ਸੀ ਅਤੇ ਉਸ ਨੇ ਅਤੇ ਉਸ ਦੇ ਸਾਥੀਆਂ ਨੇ ਦਾਊਦ ਦੀ ਰਾਜਗੱਦੀ ਨੂੰ ਅਬਸ਼ਾਲੋਮ ਦੇ ਵਿਦਰੋਹੀਆਂ ਦੇ ਹੱਥ ਵਿੱਚ ਜਾਣ ਤੋਂ ਰੋਕਿਆ ਸੀ (2 ਸਮੂਏਲ 18:1-5)। ਬਾਅਦ ਵਿੱਚ ਪ੍ਰਭੂ ਨੇ ਦਾਊਦ ਨੂੰ "ਉੱਮਤਾਂ [ਪਰਾਈਆਂ ਕੌਮਾਂ[27]] ਲਈ ਗਵਾਹ ਅਤੇ ਉੱਮਤਾਂ [ਪਰਾਈਆਂ ਕੌਮਾਂ] ਲਈ ਪਰਧਾਨ ਅਤੇ ਹਾਕਮ" ਆਖਿਆ (ਯਸਾਯਾਹ 55:4)।

*ਅਬਰਾਹਾਮ ਸਦੂਮ ਦੇ ਦੁਸ਼ਟ ਲੋਕਾਂ ਅਤੇ ਉਨ੍ਹਾਂ ਦੇ ਰਾਜੇ ਲਈ ਬਰਕਤ ਸੀ।* ਜਦ ਅਬਰਾਹਾਮ ਨੇ ਸੁਣਿਆ ਕਿ ਪੂਰਬ ਦੀਆਂ ਫੌਜਾਂ ਨੇ ਸਦੂਮ ਅਤੇ ਹੋਰਨਾਂ ਨਗਰਾਂ ਦੇ ਲੋਕਾਂ ਸਮੇਤ ਲੂਤ ਨੂੰ ਬੰਦੀ ਬਣਾ ਲਿਆ ਹੈ ਅਤੇ ਉਨ੍ਹਾਂ ਦਾ ਸਾਰਾ ਮਾਲ ਧਨ ਲੁੱਟ ਲਿਆ ਹੈ, ਤਾਂ ਉਹ ਤੁਰੰਤ ਹਰਕਤ ਵਿੱਚ ਆ ਗਿਆ। ਉਸ ਨੇ ਆਪਣੇ ਜੋਧਿਆਂ ਦੇ ਛੋਟੇ ਜਿਹੇ ਜੱਥੇ ਅਤੇ ਤਿੰਨ ਅਮੋਰੀ ਭਰਾਵਾਂ ਦੀਆਂ ਫੌਜਾਂ ਨਾਲ ਲੈ ਕੇ ਉਨ੍ਹਾਂ ਦਾ ਪਿੱਛਾ ਕੀਤਾ। ਕਿਉਂ ਜੋ ਲੂਤ ਨੂੰ ਬਚਾਇਆ ਜਾਣਾ ਜ਼ਰੂਰੀ ਸੀ, ਇਸ ਕਰਕੇ ਉਸ ਦੇ ਚਾਚੇ ਨੇ ਆਪਣੀ ਜਾਨ ਨੂੰ ਖਤਰੇ ਵਿੱਚ ਪਾਉਣ ਵਿੱਚ ਢਿੱਲ ਨਹੀਂ ਪਾਈ। ਸਦੂਮ ਦੇ ਦੁਸ਼ਟ ਲੋਕਾਂ ਬਾਰੇ ਕੀ ਆਖੀਏ ਜਿਨ੍ਹਾਂ ਨੂੰ ਬਾਅਦ ਵਿੱਚ ਪਰਮੇਸ਼ੁਰ ਨੇ ਮੈਦਾਨੀ ਇਲਾਕੇ ਦਿਆਂ ਹੋਰਨਾਂ ਨਗਰਾਂ ਦੇ ਵਸਨੀਕਾਂ ਸਮੇਤ ਨਾਸ ਕਰ ਦਿੱਤਾ ਸੀ (19:24, 25)? ਅਬਰਾਹਾਮ ਨੇ ਆਪਣਾ ਫੈਸਲਾ ਇਸ ਗੱਲ ਉੱਤੇ ਅਧਾਰਿਤ ਨਹੀਂ ਕੀਤਾ ਕਿ ਲੂਤ ਅਤੇ ਸਦੂਮ ਦੇ ਲੋਕ ਇਸ ਲਾਇਕ ਹਨ ਜਾਂ ਨਹੀਂ ਕਿ ਉਨ੍ਹਾਂ ਨੂੰ ਵੈਰੀਆਂ ਤੋਂ ਛੁਡਾਇਆ ਜਾਵੇ, ਸਗੋਂ ਉਸ ਨੇ ਆਪਣਾ ਫੈਸਲਾ ਇਸ ਤੱਥ ਉੱਤੇ ਅਧਾਰਿਤ ਕੀਤਾ ਕਿ ਉਹ ਲਾਚਾਰ ਸਨ ਅਤੇ ਉਨ੍ਹਾਂ ਨੂੰ ਲੋੜ ਸੀ ਕਿ ਕੋਈ ਆਣ ਕੇ ਉਨ੍ਹਾਂ ਦੀ ਮਦਦ ਕਰੇ।

ਅਬਰਾਹਾਮ ਦੇ ਇਹ ਕੰਮ ਇੱਕ ਮਿਸਾਲ ਬਣ ਗਏ ਕਿ ਪਰਮੇਸ਼ੁਰ ਹਰੇਕ ਯੁੱਗ ਵਿੱਚ ਆਪਣੇ ਲੋਕਾਂ ਤੋਂ ਕੀ ਚਾਹੁੰਦਾ ਹੈ ਕਿ ਉਹ ਆਪਣੇ ਗੁਆਂਢੀਆਂ ਦੇ ਨਾਲ ਕਿਹੋ ਜਿਹਾ ਵਿਹਾਰ ਕਰਨ। ਜਦ ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਹੁਕਮ ਦਿੱਤਾ ਕਿ ਉਹ "ਆਪਣੇ ਗਵਾਂਢੀ ਨਾਲ

ਆਪਣੇ ਜੇਹਾ ਪਿਆਰ" ਕਰਨ, ਤਾਂ ਉਸ ਨੇ ਇਨ੍ਹਾਂ ਸ਼ਬਦਾਂ ਦੀ ਭੂਮਿਕਾ ਵਜੋਂ ਇਹ ਆਖਿਆ, "ਤੂੰ ਬਦਲਾ ਨਾ ਲਵੀਂ, ਨਾ ਆਪਣੇ ਲੋਕਾਂ ਦੇ ਪਰਵਾਰ ਨਾਲ ਵੈਰ ਰੱਖੀਂ" (ਲੇਵੀਆਂ 19:18)। ਪਰਮੇਸ਼ੁਰ ਜਾਣਦਾ ਸੀ ਕਿ ਉਸ ਦੀ ਪਰਜਾ ਇਸ ਹੁਕਮ ਨੂੰ ਆਪਣੇ ਅਨੁਸਾਰ ਢਾਲਦਿਆਂ ਸਿਰਫ ਉਨ੍ਹਾਂ ਧਰਮੀ ਇਬਰਾਨੀਆਂ ਨੂੰ ਹੀ ਪਿਆਰ ਕਰਨਗੇ ਜਿਹੜੇ ਉਨ੍ਹਾਂ ਦੇ ਨਾਲ ਚੰਗਾ ਵਿਹਾਰ ਕਰਦੇ ਹਨ। ਪਰ ਬਦਲਾ ਲੈਣ ਅਤੇ ਵੈਰ ਰੱਖਣ ਤੋਂ ਮਨਾਹੀ ਕਰਨ ਦਾ ਹੁਕਮ ਇਸ ਦੇ ਠੀਕ ਉਲਟ ਕਰਦਾ ਹੈ। ਇਸ ਦਾ ਅਰਥ ਹੈ ਕਿ ਉਨ੍ਹਾਂ ਗੁਆਂਢੀਆਂ ਨੂੰ ਵੀ ਪਿਆਰ ਕੀਤਾ ਜਾਣਾ ਹੈ ਜਿਹੜੇ ਇਸ ਦੇ ਲਾਇਕ ਨਹੀਂ ਹਨ।

ਯਿਸੂ ਦੀ ਸਿੱਖਿਆ ਵਿੱਚ ਵੀ ਇਹੋ ਵਿਚਾਰ ਵੇਖਣ ਨੂੰ ਮਿਲਦੇ ਹਨ, ਜਦ ਉਸ ਨੇ ਦੋ ਸਭ ਤੋਂ ਵੱਡੇ ਹੁਕਮ ਸਭਨਾਂ ਦੇ ਸਾਹਮਣੇ ਰੱਖੇ: "ਤੂੰ ਆਪਣੇ ਪ੍ਰਭੂ ਆਪਣੇ ਪਰਮੇਸ਼ੁਰ ਨੂੰ . . . ਪਿਆਰ ਕਰ ਅਰ ਆਪਣੇ ਗੁਆਂਢੀ ਨੂੰ ਆਪਣੇ ਜਿਹਾ" (ਲੂਕਾ 10:27)। ਸ਼ਰਾ ਦੇ ਉਪਦੇਸ਼ਕ ਨੇ, ਜਿਸ ਨਾਲ ਯਿਸੂ ਗੱਲ ਕਰ ਰਿਹਾ ਸੀ, ਆਪਣੇ ਆਪ ਨੂੰ ਸਹੀ ਠਹਿਰਾਉਣ ਦਾ ਜਤਨ ਕਰਦਿਆਂ ਪੁੱਛਿਆ, "ਕੌਣ ਹੈ ਮੇਰਾ ਗੁਆਂਢੀ?" (ਲੂਕਾ 10:29)। ਯਿਸੂ ਨੇ ਉਸ ਦੇ ਪ੍ਰਸ਼ਨ ਦਾ ਉੱਤਰ ਦਿੰਦਿਆਂ ਇੱਕ ਕਹਾਣੀ ਸੁਣਾਈ ਜਿਸ ਵਿੱਚ ਇੱਕ ਭਲਾ ਸਾਮਰੀ ਉਸ ਵਿਅਕਤੀ ਦੀ ਮਦਦ ਕਰਦਾ ਹੈ ਜਿਸ ਨੂੰ ਲੁੱਟਿਆ ਗਿਆ ਸੀ ਅਤੇ ਮਾਰ-ਕੁੱਟ ਕੇ ਜ਼ਖਮੀ ਹਾਲਤ ਵਿੱਚ ਮਰਨ ਲਈ ਸੜਕ 'ਤੇ ਛੱਡ ਦਿੱਤਾ ਗਿਆ ਸੀ। ਬਿਰਤਾਂਤ ਦੇ ਅੰਤ ਵਿੱਚ ਉਸ ਨੇ ਪ੍ਰਸ਼ਨ ਨੂੰ ਘੁੰਮਾ ਕੇ ਪੁੱਛਿਆ, "ਉਸ ਮਨੁੱਖ ਦਾ ਜੋ ਡਾਕੂਆਂ ਦੇ ਹੱਥ ਪੈ ਗਿਆ ਉਨ੍ਹਾਂ ਤੇਹਾਂ [ਜਾਜਕ, ਲੇਵੀ ਅਤੇ ਸਾਮਰੀ] ਵਿੱਚੋਂ ਕਿਹੜਾ ਤੈਨੂੰ ਗੁਆਂਢੀ ਮਲੂਮ ਹੁੰਦਾ ਹੈ?" (ਲੂਕਾ 10:36)। ਸਵਾਲ ਇਹ ਨਹੀਂ ਹੈ ਕਿ "ਮੇਰਾ ਗੁਆਂਢੀ ਕੌਣ ਹੈ?" ਸਗੋਂ ਇਹ ਹੈ ਕਿ "ਮੈਂ ਕਿਸ ਦਾ ਗੁਆਂਢੀ ਹੋਵਾਂ?" (ਵੇਖੋ ਲੂਕਾ 10:37)। ਪਰਮੇਸ਼ੁਰ ਚਾਹੁੰਦਾ ਹੈ ਕਿ ਉਸ ਦੇ ਲੋਕ ਸਭਨਾਂ ਜ਼ਰੂਰਤਮੰਦਾਂ ਦੇ ਜਾਤੀਗਤ ਪਿਛੋਕੜ, ਸਮਾਜਕ-ਆਰਥਿਕ ਦਰਜੇ, ਜਾਂ ਨੈਤਿਕ ਅਤੇ ਸਦਾਚਾਰਕ ਚਰਿੱਤਰ ਦੀ ਪਰਵਾਹ ਕੀਤੇ ਬਿਨਾ, ਉਨ੍ਹਾਂ ਦੇ ਗੁਆਂਢੀ ਵਰਗਾ ਵਿਹਾਰ ਕਰਦਿਆਂ ਉਨ੍ਹਾਂ ਦੀ ਮਦਦ ਕਰਨ। ਇਸੇ ਵਿਚਾਰ ਨੂੰ ਪੌਲੁਸ ਨੇ ਇਨ੍ਹਾਂ ਵਾਕਾਂ ਵਿੱਚ ਪੇਸ਼ ਕੀਤਾ: "ਉਪਰੰਤ ਜਿਵੇਂ ਸਾਨੂੰ ਮੌਕਾ ਮਿਲੇ ਅਸੀਂ ਸਭਨਾਂ ਨਾਲ ਭਲਾ ਕਰੀਏ ਪਰ ਨਿਜ ਕਰਕੇ ਨਿਹਚਾਵਾਨਾਂ ਦੇ ਨਾਲ" (ਗਲਾਤੀਆਂ 6:10)। ਅਬਰਾਹਾਮ ਨੇ ਆਪਣੇ ਗੁਆਂਢੀਆਂ ਦੇ ਨਾਲ ਇਹੋ ਜਿਹਾ ਪਿਆਰ ਯਿਸੂ ਦੁਆਰਾ ਇਸ ਨੂੰ ਦਰਸਾਏ ਜਾਣ ਤੋਂ ਲਗਭਗ ਦੋ ਹਜ਼ਾਰ ਵਰ੍ਹੇ ਪਹਿਲਾਂ ਕੀਤਾ।

*ਅਬਰਾਹਾਮ ਮਲਕਿ-ਸਿਦਕ ਦੇ ਲਈ ਇੱਕ ਅਸੀਸ ਸੀ।* ਮੂਲਪਾਠ ਇਹ ਨਹੀਂ ਦੱਸਦਾ ਕਿ ਮਲਕਿ-ਸਿਦਕ ਨੇ ਧਨਵਾਨ ਪਰਦੇਸੀ ਅਬਰਾਹਾਮ ਬਾਰੇ, ਜਿਸ ਦੀ ਨਿੱਕੀ ਜਿਹੀ ਫੌਜ ਨੇ ਪੂਰਬੀ ਰਾਜਿਆਂ ਨੂੰ ਹਰਾ ਦਿੱਤਾ ਸੀ, ਕਿਵੇਂ ਸੁਣਿਆ ਸੀ। ਸ਼ਾਇਦ ਇਹ ਖ਼ਬਰ ਛੇਤੀ ਹੀ ਚਾਰੇ ਪਾਸੇ ਫੈਲ ਗਈ ਸੀ, ਖਾਸ ਤੌਰ 'ਤੇ ਜਦੋਂ ਲੁਟੇਰਿਆਂ ਨੇ ਕਨਾਨ ਦੇ ਚੁਫੇਰੇ ਦੇ ਨਗਰਾਂ ਉੱਤੇ ਜ਼ੁਲਮ ਢਾਹੇ ਸਨ। ਅਬਰਾਹਾਮ ਨੇ ਨਾ ਸਿਰਫ ਪੂਰਬੀ ਫੌਜਾਂ ਨੂੰ ਹਰਾਇਆ ਸੀ, ਸਗੋਂ ਉਸ ਨੇ ਸਦੂਮ ਦੇ ਲੋਕਾਂ ਅਤੇ ਉਨ੍ਹਾਂ ਦੇ ਮਾਲ ਧਨ ਨੂੰ ਵੀ ਛੁਡਾਇਆ ਸੀ। ਮਲਕਿ-ਸਿਦਕ ਇਸ ਵਿਅਕਤੀ ਨੂੰ ਮਿਲਣਾ ਅਤੇ ਰੋਟੀ ਅਰ ਮੱਧ ਦੇਣ ਦੁਆਰਾ ਉਸ ਦਾ ਸਤਿਕਾਰ ਕਰਨਾ ਚਾਹੁੰਦਾ ਸੀ; ਉਹ ਉਸ ਨੂੰ ਅੱਤ ਮਹਾਂ ਪਰਮੇਸ਼ੁਰ ਦੇ ਨਾਮ ਵਿੱਚ ਅਸੀਸ ਵੀ ਦੇਣਾ ਚਾਹੁੰਦਾ ਸੀ, ਜਿਸ ਦਾ ਨਿੱਜੀ ਨਾਮ "ਯਹੋਵਾਹ" ਸੀ। ਜਦ ਅਬਰਾਹਾਮ ਨੇ ਮਲਕਿ-ਸਿਦਕ ਨੂੰ ਸਾਰੀ ਲੁੱਟ ਦਾ ਦਸਵੰਧ ਦਿੱਤਾ, ਤਾਂ ਇਸ ਜਾਜਕ ਨੂੰ ਇਹ ਜਾਣ ਕੇ ਅਸੀਸ ਮਿਲੀ ਹੋਵੇਗੀ ਕਿ ਇਹ ਪਰਦੇਸੀ ਸੱਚੇ ਪਰਮੇਸ਼ੁਰ ਦੇ ਪ੍ਰਤੀ ਆਪਣੇ ਸਮਰਪਣ ਨੂੰ ਗੰਭੀਰਤਾ ਨਾਲ ਲੈਂਦਾ ਹੈ ਅਤੇ ਕਨਾਨ ਦੇਸ ਵਿੱਚ ਪ੍ਰਭੂ ਦੇ ਨੁਮਾਇੰਦੇ ਦੇ ਪ੍ਰਤੀ ਉਦਾਰ ਹੋ ਕੇ ਇਸ ਸਮਰਪਣ ਨੂੰ ਦਰਸਾਉਣਾ ਵੀ ਚਾਹੁੰਦਾ ਹੈ। ਮਲਕਿ-ਸਿਦਕ ਨੂੰ

ਉਦਾਰਤਾ ਨਾਲ ਇਹ ਤੋਹਫਾ ਦੇ ਕੇ ਅਬਰਾਹਾਮ ਨੇ ਉਸ ਸਚਿਆਈ ਦਾ ਅਨੁਭਵ ਕੀਤਾ ਜਿਸ ਨੂੰ ਬਾਅਦ ਵਿੱਚ ਯਿਸੂ ਨੇ ਵੀ ਬਿਆਨ ਕੀਤਾ ਸੀ: "ਲੈਣ ਨਾਲੋਂ ਦੇਣਾ ਹੀ ਮੁਬਾਰਕ ਹੈ" (ਰਸੂਲਾਂ 20:35)।

ਉਤਪਤ 14:20 ਬਾਈਬਲ ਵਿੱਚ ਦਸਵੰਧ ਦਾ ਪਹਿਲਾ ਹਵਾਲਾ ਹੈ, ਪਰ ਇਹ ਪਰੰਪਰਾ ਬਹੁਤ ਪੁਰਾਤਨ ਹੈ। ਪਰਮੇਸ਼ੁਰ ਦੇ ਲੋਕ ਉਸ ਦੀ ਸ਼ੁਕਰਗੁਜ਼ਾਰੀ ਵਜੋਂ ਅਤੇ ਇਸ ਨਿਹਚਾ ਵਜੋਂ ਕਿ ਉਹ ਸਭਕੁਝ ਦਾ ਸਿਰਜਣਹਾਰ ਅਤੇ ਮਾਲਕ ਹੈ, ਉਸ ਨੂੰ ਆਪਣੇ ਮਾਲ ਧਨ ਦਾ ਦਸਵੰਧ ਦਿੰਦੇ ਸਨ। ਸਾਡੇ ਕੋਲ ਜੋ ਕੁਝ ਹੈ ਉਹ ਉਸ ਦੇ ਹੱਥਾਂ ਵਿੱਚੋਂ ਸਾਨੂੰ ਮਿਲਿਆ ਇੱਕ ਤੋਹਫਾ ਹੈ। ਜਦ ਦਾਊਦ ਨੇ ਵੇਖਿਆ ਕਿ ਪਰਮੇਸ਼ੁਰ ਦੀ ਹੈਕਲ ਦੀ ਉਸਾਰੀ ਲਈ ਲੋਕਾਂ ਨੇ ਦਿਲ ਖੋਲ੍ਹ ਕੇ ਦਿੱਤਾ ਹੈ, ਤਾਂ ਉਸ ਨੇ ਵੀ ਦਿਲ ਖੋਲ੍ਹ ਕੇ ਦਿੱਤਾ ਅਤੇ ਪ੍ਰਾਰਥਨਾ ਕੀਤੀ, "ਮੈਂ ਕੌਣ, ਅਰ ਮੇਰੀ ਪਰਜਾ ਕੌਣ, ਜੋ ਅਸੀਂ ਇਸ ਪ੍ਰਕਾਰ ਮਨ ਦੇ ਪ੍ਰੇਮ ਨਾਲ ਭੇਟਾਂ ਚੜ੍ਹਾਉਣ ਦੀ ਸ਼ਕਤੀ ਰੱਖੀਏ? ਕਿਉਂ ਜੋ ਸਾਰੀਆਂ ਵਸਤਾਂ ਤੇਰੀ ਵੱਲੋਂ ਆਉਂਦੀਆਂ ਹਨ ਅਰ ਤੇਰੇ ਹੱਥ ਦੀ ਦਾਤ ਤੋਂ ਅਸੀਂ ਤੈਨੂੰ ਦਿੱਤਾ ਹੈ" (1 ਇਤਹਾਸ 29:14)।

ਯਰੂਸ਼ਲਮ ਦੇ ਗਰੀਬ ਸੰਤਾਂ ਦੇ ਲਈ ਯੂਰਪ ਅਤੇ ਏਸ਼ੀਆ ਮਾਈਨਰ ਦੀਆਂ ਗੈਰਯਹੂਦੀ ਕਲੀਸਿਯਾਵਾਂ ਵਿੱਚੋਂ ਆਰਥਿਕ ਯੋਗਦਾਨ ਨੂੰ ਇਕੱਠਿਆਂ ਕਰਦਿਆਂ ਪੌਲੁਸ ਨੇ ਦਾਊਦ ਦੀ ਪ੍ਰਾਰਥਨਾ ਦੇ ਨਾਲ ਰਲਦੇ-ਮਿਲਦੇ ਸ਼ਬਦਾਂ ਦੀ ਵਰਤੋਂ ਕੀਤੀ ਜਦ ਉਸ ਨੇ ਕੁਰਿੰਥੁਸ ਦੇ ਭਰਾਵਾਂ ਨੂੰ ਦਿਲੋਂ ਅਤੇ ਉਦਾਰਤਾ ਨਾਲ ਦੇਣ ਲਈ ਉਤਸ਼ਾਹਿਤ ਕੀਤਾ (1 ਕੁਰਿੰਥੀਆਂ 16:1-4)। ਰਸੂਲ ਨੇ ਜ਼ੋਰ ਦਿੱਤਾ ਕਿ ਮਸੀਹੀ ਦਾਨ ਦਾ ਅਧਾਰ ਉਹੀ ਹੋਣਾ ਚਾਹੀਦਾ ਹੈ ਜਿਹੜਾ ਦਾਊਦ ਦੇ ਸਮੇਂ ਸੀ: ਪਰਮੇਸ਼ੁਰ ਦੁਆਰਾ ਆਪਣੀ ਪਰਜਾ ਨੂੰ ਖੁੱਲ੍ਹਦਿਲੀ ਅਤੇ ਉਦਾਰਤਾ ਨਾਲ ਦਿੱਤੇ ਗਏ ਤੋਹਫੇ। ਪੌਲੁਸ ਨੇ ਕਲੀਸਿਯਾ ਨੂੰ ਚੇਤੇ ਕਰਾਇਆ ਕਿ ਉਹ ਉਨ੍ਹਾਂ ਨੂੰ ਦੇਣ ਦਾ ਹੁਕਮ ਨਹੀਂ ਦੇ ਰਿਹਾ ਸੀ, ਸਗੋਂ ਉਹ ਤਾਂ ਉਨ੍ਹਾਂ ਨੂੰ ਮੌਕਾ ਦੇ ਰਿਹਾ ਸੀ ਕਿ ਉਹ ਆਪਣੇ ਪ੍ਰੇਮ ਦੀ ਗੰਭੀਰਤਾ ਨੂੰ ਪ੍ਰਮਾਣਿਤ ਕਰ ਸਕਣ। ਉਸ ਨੇ ਆਖਿਆ, "ਕਿਉਂਕਿ ਤੁਸੀਂ ਸਾਡੇ ਪ੍ਰਭੂ ਯਿਸੂ ਮਸੀਹ ਦੀ ਕਿਰਪਾ ਨੂੰ ਜਾਣਦੇ ਹੋ ਜੋ ਭਾਵੇਂ ਉਹ ਧਨੀ ਸੀ ਪਰ ਤੁਹਾਡੇ ਲਈ ਨਿਰਧਨ ਬਣਿਆ ਭਈ ਤੁਸੀਂ ਉਹ ਦੀ ਨਿਰਧਨਤਾਈ ਤੋਂ ਧਨੀ ਹੋ ਜਾਓ" (2 ਕੁਰਿੰਥੀਆਂ 8:9; ਵੇਖੋ 9:7-15)।

---

ਟਿੱਪਣੀਆਂ

[1]ਚਾਰਲਸ ਐੱਲ. ਫੇਨਬਰਗ ਨੇ ਆਖਿਆ ਕਿ ਬੇਬੀਲੋਨ ਦੀ ਭਾਸ਼ਾ ਵਿੱਚ ਇਸ ਸ਼ਬਦ ਦਾ ਰੂਪ *(âl) ਲਾਰਸਾ* ("ਲਾਰਸਾ ਨਗਰ") ਹੈ ਅਤੇ ਇਹ ਵੀ ਕਿ ਪੁਰਾਤਨ ਸੁਮੇਰ ਸੱਭਿਅਤਾ ਵਿੱਚ ਇਹ ਨਾਮ "ਅਰਾਰਵਾ" ("ਰੋਸ਼ਨੀ ਦਾ ਘਰ") ਹੈ। (ਚਾਰਲਸ ਐੱਲ. ਫੇਨਬਰਗ, "ਅੱਲਾਸਾਰ," *ਦਿ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਐਨਸਾਈਕਲੋਪੀਡੀਆ*, ਸੋਧਿਆ ਸੰਸਕਰਨ, ਸੰਪਾਦਕ ਜੈਫਰੀ ਡਬਲਿਊ. ਬ੍ਰੋਮਾਇਲੀ [ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1982], 2:73-74) ਵਿੱਚ। ਹਾਲਾਂਕਿ ਕੁਝ ਲੋਕ "ਅੱਲਾਸਾਰ" ਨੂੰ ਦੱਖਣੀ ਬੇਬੀਲੋਨੀਆ ਵਿਚਲਾ ਲਾਰਸਾ (ਸੂਰਜ ਦੇਵਤਾ ਦਾ ਨਗਰ) ਹੀ ਆਖਦੇ ਹਨ, ਤਾਂ ਵੀ ਇਸ ਦਾ ਉੱਤਰ-ਪੱਛਮ ਮਸੋਪੋਤਾਮੀਆ ਵਿੱਚ ਹੋਣਾ ਵਧੇਰੇ ਢੁਕਵਾਂ ਜਾਪਦਾ ਹੈ ਜੋ "ਅਰਯੋਕ" ਸ਼ਾਸਕ ਦੇ ਨਾਮ ਦੇ ਨਾਲ ਮੇਲ ਖਾਂਦਾ ਹੈ। [2]ਕੇ. ਏ. ਕਿਚਨ, *ਆਨ ਦਿ ਰਿਲਾਏਬਿਲਿਟੀ ਆਫ ਦਿ ਓਲਡ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 2003), 320. [3]ਡੇਵਿਡ ਐੱਮ. ਹਾਵਰਡ, ਜੂਨੀਅਰ, "ਸਿੱਦੀਮ, ਵੈਲੀ ਆਫ," *ਦਿ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਐਨਸਾਈਕਲੋਪੀਡੀਆ,* ਸੋਧਿਆ ਸੰਸਕਰਨ, ਸੰਪਾਦਕ ਜੈਫਰੀ ਡਬਲਿਊ. ਬ੍ਰੋਮਾਇਲੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 4:499–500 ਵਿੱਚ। [4]*ਜੇਨੇਸਿਸ ਅਪੋਕ੍ਰਿਫੋਨ* 21. [5]ਮਾਈਕਲ ਸੀ. ਆਸਟੂਅਰ, "ਏਲ-ਪਾਰਾਨ," *ਦਿ ਐਂਕਰ ਬਾਈਬਲ ਡਿਕਸ਼ਨਰੀ,* ਸੰਪਾਦਕ ਡੇਵਿਡ ਨੋਏਲ ਫ੍ਰੀਡਮਨ (ਨਿਊ ਯੋਰਕ: ਡਬਲਡੇ, 1992), 2:423 ਵਿੱਚ। ਪਾਰਾਨ ਦਾ ਉਜਾੜ ਇੱਕ ਵਿਸ਼ਾਲ ਮਾਰੂਥਲ ਸੀ ਜਿਹੜਾ ਪੁਰਾਤਨ

ਕਨਾਨ ਦੇ ਦੱਖਣ ਤੋਂ ਲੈ ਕੇ ਏਲਾਥ ਤੱਕ ਫੈਲਿਆ ਹੋਇਆ ਸੀ ਅਤੇ ਇਸ ਵਿੱਚ ਸੀਨਈ ਪ੍ਰਾਇਦੀਪ ਦਾ ਕੁਝ ਹਿੱਸਾ ਵੀ ਸ਼ਾਮਲ ਸੀ। [6]ਹੋਰ ਅਮੋਰੀ ਗੜ੍ਹ ਯਰਦਨ ਨਦੀ ਦੇ ਪੂਰਬ (ਗਿਣਤੀ 21:13, 21-31) ਅਤੇ ਪੱਛਮ (ਯਹੋਸ਼ੁਆ 7:7; 10:5-12) ਵੱਲ ਫੈਲੇ ਹੋਏ ਸਨ। [7]ਡੂਏਨ ਈ. ਸਮਿਥ, "ਬਿਟੂਮਨ," *ਦਿ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਐਨਸਾਈਕਲੋਪੀਡੀਆ*, ਸੋਧਿਆ ਸੰਸਕਰਨ, ਸੰਪਾਦਕ ਜੈਫਰੀ ਡਬਲਿਉ. ਬ੍ਰੋਮਾਇਲੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1979), 1:521 ਵਿੱਚ। [8]ਜੋਸੇਫਸ *ਐਂਟੀਕੁਟੀਸ* 1.9. [9]ਜੌਨ ਟੀ. ਵਿਲੀਸ, *ਜੇਨੇਸਿਸ*, ਦਿ ਲਿਵਿੰਗ ਵਰਡ ਕਮੇਂਟ੍ਰੀ (ਔਸਟਿਨ, ਟੈਕਸਸ: ਸਵੀਟ ਪਬਲਿਸ਼ਿੰਗ ਕੰਪਨੀ, 1979), 227. [10]"ਅਸ਼ਕੋਲ" ਉਸ ਘਾਟੀ ਦਾ ਨਾਮ ਵੀ ਸੀ ਜਿਹੜੀ ਹਬਰੋਨ ਦੇ ਨੇੜੇ ਸੀ (ਗਿਣਤੀ 13:23, 24)। ਇਸ ਦਾ ਅਰਥ ਹੈ "[ਅੰਗੂਰਾਂ ਦਾ] ਗੁੱਛਾ।"

[11]"ਇਬਰਾਨੀ" ਇੱਕ ਸਿਰਲੇਖ ਹੈ ਜਿਹੜਾ "ਏਬਰ" ਤੋਂ ਲਿਆ ਗਿਆ ਜਾਪਦਾ ਹੈ (10:21-25; 11:14-16) ਕਿਉਂਕਿ ਦੋਹਾਂ ਸ਼ਬਦਾਂ ਵਿੱਚ ਇੱਕੋ ਜਿਹੇ ਤਿੰਨ ਵਿਅੰਜਨ ਹਨ: עבר (*ਏਬਰ*)। ਕਿਉਂ ਜੋ ਇਬਰਾਨੀ ਭਾਸ਼ਾ ਵਿੱਚ ਲਿਖਿਤ ਸਵਰ 800 ਈਸਵੀ ਤੱਕ ਨਹੀਂ ਆਏ ਸਨ, ਇਸ ਕਰਕੇ ਅਸੀਂ ਸਟੀਕਤਾ ਨਾਲ ਨਹੀਂ ਜਾਣਦੇ ਕਿ ਇਸ ਸ਼ਬਦ ਦੇ ਭਿੰਨ-ਭਿੰਨ ਸਪੈਲਿੰਗ ਅਤੇ ਉਚਾਰਨ ਕਿਵੇਂ ਵਿਕਸਿਤ ਹੋਏ ਸਨ। [12]ਨਾਲੇ ਪੁਰਾਤਨ ਯਹੂਦੀ ਭਾਸ਼ਾਵਾਂ ਦੇ ਸ਼ਾਸਤਰੀ ਆਖਦੇ ਹਨ ਕਿ "*ਆਪੀਰ* ਅਤੇ *ਏਬਰ* ਨੂੰ ਆਪਸ ਵਿੱਚ ਜੋੜਣ ਦੇ ਲਈ ਦੋਹਰੇ ਪਰਿਵਰਤਨ ਦੀ ਲੋੜ ਪਵੇਗੀ ਜਿਹੜਾ ਸੰਭਵ ਨਹੀਂ ਹੈ" ਅਰਥਾਤ ਇਨ੍ਹਾਂ ਸ਼ਬਦਾਂ ਦੇ ਵਿਅੰਜਨਾਂ ਅਤੇ ਸਵਰਾਂ ਨੂੰ ਬਦਲਨਾ ਪਵੇਗਾ। (ਵਿਕਟਰ ਪਿ. ਹੈਮਿਲਟਨ, *ਦਿ ਬੁਕ ਆਫ ਜੇਨੇਸਿਸ: ਚੈਪਟਰਸ 1-17*, ਦਿ ਨਿਉ ਇੰਟਰਨੈਸ਼ਨਲ ਕਮੈਂਟ੍ਰੀ ਆਨ ਦਿ ਓਲਡ ਟੈਸਟਾਮੈਂਟ [ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1990], 405.) [13]ਇਹ ਅਨੁਵਾਦ NASB ਦੇ ਕੁਝ ਪ੍ਰਕਾਸ਼ਨਾਂ ਵਿੱਚ ਹਾਸ਼ੀਏ ਵਿੱਚ ਦਿੱਤਾ ਗਿਆ ਹੈ। [14]ਬ੍ਰੂਸ ਕੇ. ਵਾਲਟਕੇ, *ਜੇਨੇਸਿਸ: ਏ ਕਮੈਂਟ੍ਰੀ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡਰਵਨ ਪਬਲਿਸ਼ਰਸ, 2001), 232. [15]"ਭਰਾ" אָח (*ਆਖ਼*) ਤੋਂ ਅਨੁਵਾਦ ਕੀਤਾ ਗਿਆ ਹੈ, ਇਹੋ ਨਾਉਂ "ਅਸੀਂ ਭਰਾ ਹਾਂ" (13:8) ਵਿੱਚ ਵੀ ਇਸਤੇਮਾਲ ਕੀਤਾ ਗਿਆ ਹੈ। [16]ਵਿਕਟਰ ਪਿ. ਹੈਮਿਲਟਨ, "חָנִיךְ," *TWOT*, 1:301 ਵਿੱਚ। [17]ਮਾਈਕਲ ਸੀ. ਆਸਟੂਅਰ, "ਸ਼ਾਵੇਹ, ਵੈਲੀ ਆਫ," *ਦਿ ਐਂਕਰ ਬਾਈਬਲ ਡਿਕਸ਼ਨਰੀ*, 5:1168 ਵਿੱਚ। [18]ਫ਼੍ਰਾਂਸਿਸ ਬ੍ਰਾਉਨ, ਐੱਸ. ਆਰ. ਡ੍ਰਾਈਵਰ ਅਤੇ ਚਾਰਲਸ ਏ. ਬ੍ਰਿਜਸ, *ਏ ਹਿਬ੍ਰੂ ਐਂਡ ਇੰਗਲਿਸ਼ ਲੈਕਸਿਕਨ ਆਫ ਦਿ ਓਲਡ ਟੈਸਟਾਮੈਂਟ* (ਔਕਸਫੋਰਡ: ਕਲੈਰੇਂਡਨ ਪ੍ਰੈਸ, 1962), 751. [19]ਮਾਈਕਲ ਸੀ. ਆਸਟੂਅਰ, "ਮੇਲਕਿਸਿਦੇਕ," *ਦਿ ਐਂਕਰ ਬਾਈਬਲ ਡਿਕਸ਼ਨਰੀ*, 4:684 ਵਿੱਚ। [20]ਜੌਰਜ ਜੇ. ਬ੍ਰੂਕ, "ਮੇਲਕਿਸਿਦੇਕ (11QMelch)," *ਦਿ ਐਂਕਰ ਬਾਈਬਲ ਡਿਕਸ਼ਨਰੀ*, 4:687–88 ਵਿੱਚ।

[21]ਬ੍ਰਾਉਨ, ਡ੍ਰਾਈਵਰ ਅਤੇ ਬ੍ਰਿਜਸ, 888–89. [22]ਆਰ. ਲਾਇਰਡ ਹੈਰਿਸ, "קָנָה," *TWOT*, 2:803–4 ਵਿੱਚ। [23]"ਵੱਸ ਵਿੱਚ ਕਰ ਦਿੱਤਾ" מִגֵּן (*ਮਾਗੈਨ*) ਕਿਰਿਆ ਦਾ ਅਨੁਵਾਦ ਹੈ, ਜਿਹੜਾ 15:1 ਵਿੱਚ ਇੱਕੋ ਮੂਲ ਸ਼ਬਦ "ਢਾਲ" (מָגֵן, *ਮਾਗੇਨ*) ਤੋਂ ਲਿਆ ਗਿਆ ਹੈ। ਇਹ ਇਬਰਾਨੀ ਮੂਲ ਸ਼ਬਦ ਦੋਹਾਂ ਵਾਰਤਾਂ ਨੂੰ ਚੰਗੀ ਰੀਤੀ ਨਾਲ ਆਪਸ ਵਿੱਚ ਜੋੜਦਾ ਹੈ। [24]ਗੋਰਡਨ ਜੇ. ਵੇਨਹੈਮ, *ਜੇਨੇਸਿਸ 1–15*, ਵਰਡ ਬਿਬਲਿਕਲ ਕਮੈਂਟ੍ਰੀ, ਜਿਲਦ 1 (ਵੇਕੋ, ਟੈਕਸਸ: ਵਰਡ ਬੁਕਸ, 1987), 317; ਜੌਨ ਈ. ਹਾਰਟਲੇ, "צַר," *TWOT*, 2:779 ਵਿੱਚ। [25]ਇਹੋ ਜਿਹੇ ਦਸਵੰਧ ਦੇ ਉਦਾਹਰਣਾਂ ਲਈ, ਵੇਖੋ ਜੌਨ ਐੱਚ. ਵਾਲਟਨ, "ਜੇਨੇਸਿਸ," *ਜ਼ੋਂਡਰਵਨ ਇਲਸਟ੍ਰੇਟਡ ਬਾਈਬਲ ਬੈਕਗ੍ਰਾਉਂਡਸ ਕਮੈਂਟ੍ਰੀ*, ਜਿਲਦ 1, *ਜੇਨੇਸਿਸ, ਐਕਸੋਡਸ, ਲੇਵਿਟਿਕਸ, ਨੰਬਰਸ, ਡਿਯੁਟੇਰੋਨੋਮੀ*, ਸੰਪਾਦਕ ਜੌਨ ਐੱਚ. ਵਾਲਟਨ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡਰਵਨ, 2009), 83 ਵਿੱਚ। [26]ਇਬਰਾਨੀ ਆਖਦੀ ਹੈ ਕਿ ਅਬਰਾਹਾਮ ਨੇ ਆਪਣਾ ਹੱਥ ਯਹੋਵਾਹ ਵੱਲ ਚੁੱਕਿਆ, ਜਿਸ ਦਾ ਅਰਥ ਇਹ ਨਿੱਕਲਦਾ ਹੈ ਕਿ ਉਸ ਨੇ ਇੱਕ ਸੌਂਹ ਚੁੱਕੀ ਸੀ। ਪੁਰਾਤਨ ਸਮਿਆਂ ਵਿੱਚ ਸੌਂਹ ਚੁੱਕਣ ਲਈ ਆਮ ਤੌਰ 'ਤੇ ਹੱਥ ਉੱਤੇ ਚੁੱਕਿਆ ਜਾਂਦਾ ਸੀ ਜੋ ਗੰਭੀਰਤਾ ਦਾ ਚਿੰਨ੍ਹ ਹੁੰਦਾ ਸੀ ਕਿ ਜੋ ਵਾਇਦਾ ਕੀਤਾ ਗਿਆ ਹੈ ਉਹ ਪੂਰਾ ਕੀਤਾ ਜਾਵੇਗਾ (ਬਿਵਸਥਾ ਸਾਰ 32:40; ਯਸਾਯਾਹ 62:8; ਦਾਨੀਏਲ 12:7)। [27]ਪੁਰਾਣੇ ਨੇਮ ਵਿੱਚ ਇਸਰਾਏਲ ਪਰਮੇਸ਼ੁਰ ਦੀ "ਪਰਜਾ" (ਇੱਕਵਚਨ) ਸੀ (ਕੂਚ 3:7, 10; 4:29-31; 5:1; 19:6-11), ਪਰ ਪਰਾਈਆਂ ਕੌਮਾਂ "ਕੌਮਾਂ" (ਬਹੁਵਚਨ; ਕੂਚ 19:5; ਜ਼ਬੂਰ 96:1-13; ਯਸਾਯਾਹ 56:6-8) ਸਨ, ਜਿਨ੍ਹਾਂ ਨੂੰ ਪਰਮੇਸ਼ੁਰ ਆਪਣੀ ਪਰਜਾ ਦੀ ਗਵਾਹੀ ਦੇ ਰਾਹੀਂ ਬਚਾਉਣਾ ਚਾਹੁੰਦਾ ਸੀ।